# ਗਾਥਾ ਸ਼ਹੀਦ ਭਗਤ ਸਿੰਘ

**ਹਰੀ ਚੰਦ, ਐਡਵੋਕੇਟ**

*Biography/ Poetry/Punjabi Poetry*

ISBN : 978-93-5068-980-6

**Gaatha Shaheed Bhagat Singh**

*By*

**Hari Chand, Advocate**
H.No 2299, Sec-44C
Chandigarh
Mob. 98140-13764

Edition : 2017

Published by Lokgeet Parkashan
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429,4027552

*© 2017*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



## ਸਮਰਪਣ

ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੀ
ਕਲਪਣਾ ਅਤੇ ਵਿਚਾਰਧਾਰਾ ਨੂੰ

## ਤਤਕਰਾ


- ਮੁੱਖ ਬੰਦ 7
- ਸ਼ਹੀਦੇ ਆਜ਼ਮ ਭਗਤ ਸਿੰਘ ਦਾ ਉਹ ਪਿਸਤੌਲ, ਜਿਸ ਨਾਲ ਉਸ ਨੇ ਅੰਗਰੇਜ਼ ਅਫਸਰ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਿਆ ਸੀ - ਵਾਪਸ ਪੰਜਾਬ ਪਹੁੰਚਿਆ : 9
- ਕਰਾਂਤੀਕਾਰੀ ਪਾਰਟੀ ਦੇ ਦਫਤਰ ਨੂੰ ਸਮਾਰਕ ਵਿੱਚ ਬਦਲਣ ਬਾਰੇ ਮਾਨਯੋਗ ਹਾਈ ਕੋਰਟ ਵਿੱਚ ਯਾਚਕਾ ਦਾ ਅਸਰ। 12
- ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦਗਾਰ ਬਨਾਉਣ ਬਾਰੇ ਮਾਨਯੋਗ ਹਾਈ ਕੋਰਟ ਦਾ ਨਿਰਦੇਸ਼ 13
- ਸ਼ਹੀਦ ਮਦਨ ਲਾਲ ਢੀਂਗੜਾ ਦੇ ਸਮਾਰਕ ਬਾਰੇ 15
- ਸੁਨਾਮ ਊਧਮ ਸਿੰਘ ਵਾਲਾ ਰੇਲਵੇ ਸੇਟਸ਼ਨ 19
- ਸ਼ਹੀਦ ਸੁਖਦੇਵ ਦੀ ਯਾਦਗਾਰ ਬਾਰੇ ਮਾਨਯੋਗ ਹਾਈ ਕੋਰਟ ਦਾ ਫੈਸਲਾ 20
- ਸ਼ਹੀਦ ਊਧਮ ਸਿੰਘ ਦੀਆਂ ਨਿੱਜੀ ਵਸਤਾਂ 21
- ਭਗਤ ਸਿੰਘ ਦੀ ਅਮਰ ਕਹਾਣੀ 23
- ਬਚਪਨ ਅਤੇ ਜਵਾਨੀ 25
- ਸ਼ਾਦੀ ਤੋਂ ਇਨਕਾਰ 27
- ਪਹਿਲੀ ਗ੍ਰਿਫਤਾਰੀ 29
- ਬੰਬ ਬਨੌਣ ਦੀ ਟਰੇਨਿੰਗ 30
- ਸ਼ੇਰੇ ਪੰਜਾਬ ਦਾ ਅਕਾਲ ਚਲਾਣਾ 33
- ਸਾਂਡਰਸ ਦਾ ਕਤਲ 35
- ਇਤਿਹਾਸਕ ਪਰਚਾ-1 37
- ਅਸੈਂਬਲੀ ਵਿੱਚ ਵਿਸਫੋਟ 40
- ਇਤਿਹਾਸਕ ਪਰਚਾ-2 41
- ਜੇਲ੍ਹ ਚੋਂ ਬਾਪੂ ਕਿਸ਼ਨ ਸਿੰਘ ਨੂੰ ਚਿੱਠੀ 43

- ਦੋਸ਼ਾਂ ਦਾ ਜਵਾਬ 45
- ਬੰਬ ਕਾਂਡ ਦਾ ਫੈਸਲਾ 49
- ਮਜਿਸਟਰੇਟ ਮੂਹਰੇ ਮੁਕੱਦਮਾ 51
- ਮੁੱਖ ਮੁਕੱਦਮਾ 53
- ਅਮਰ ਯਾਤਰਾ 55
- ਗੋਰਿਆਂ ਦੀ ਕੋਝੀ ਹਰਕਤ 57
- ਭਗਤ ਸਿੰਘ ਦੀ ਡਾਇਰੀ 60
- ਆਜ਼ਾਦੀ 63
- ਕਰਤਾਰ ਸਿੰਘ ਸਰਾਭਾ 64
- ਖਟਕੜ ਕਲਾਂ 65
- ਪੰਜਾਬ ਮਾਤਾ ਵਿਦਿਆਵਤੀ 67
- ਸ਼ਹੀਦਾਂ ਦੇ ਪਰਿਵਾਰਾਂ ਦੀ ਜਾਸੂਸੀ 69
- ਬੀ ਕੇ ਦੱਤ 71
- ਜਤਿੰਦਰ ਨਾਥ ਦਾਸ 73
- ਭਗਤ ਸਿੰਘ ਦਾ ਖੰਗੂਰਾ 75




## ਮੁੱਖ ਬੰਦ

ਮੈਂ ਕਦੇ ਇਸ ਚੀਜ਼ ਦੀ ਕਲਪਨਾ ਵੀ ਨਹੀਂ ਸੀ ਕੀਤੀ ਕਿ ਮੈਂ ਕਦੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੀ ਜੀਵਨੀ ਨੂੰ ਕਾਵਿ-ਰੂਪ ਦੇਣ ਦਾ ਯਤਨ ਕਰਾਂਗਾ। ਕੁਝ ਦਿਨ ਪਹਿਲਾਂ ਕਿਸੇ ਕਾਰਣ ਮੇਰੇ ਸਾਹਮਣੇ ਦੋ ਮਹਾਨ ਰਚਨਾਵਾਂ – ਇਕ "ਹੀਰ ਵਾਰਿਸ ਸ਼ਾਹ" ਅਤੇ ਦੂਜੀ ਸਰਦਾਰ ਮਲਵਿੰਦਰਜੀਤ ਸਿੰਘ ਵੜੈਚ ਵਲੋਂ 'ਸ਼ਹੀਦੇ –ਆਜ਼ਮ ਸਰਦਾਰ ਭਗਤ ਸਿੰਘ' ਦੇ ਜੀਵਨ ਤੇ ਲਿਖੀ ਇਤਿਹਾਸਕ ਕਿਤਾਬ ਪਈਆਂ ਸਨ। ਅਚਾਨਕ ਇਕ ਖਿਆਲ ਆਇਆ ਕਿ ਕਿਉਂ ਨਾ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਨੂੰ ਇਕ ਵੱਖਰੇ ਤਰੀਕੇ ਦੀ ਸ਼ਰਧਾਂਜਲੀ ਭੇਂਟ ਕਰਨ ਦੀ ਪਹਿਲ ਕਰਾਂ। ਆਪਣੀ ਇਹ ਨਿਮਾਣੀ ਜਿਹੀ ਕੋਸ਼ਿਸ਼ ਆਪ ਜੀ ਦੇ ਸੁਨਮੁਖ ਭੇਂਟ ਕਰ ਰਿਹਾ ਹਾਂ।

**ਹਰੀ ਚੰਦ, ਐਡਵੋਕੇਟ**
ਚੰਡੀਗੜ੍ਹ।

## ਦੋ ਸ਼ਬਦ ਹੋਰ

ਤੁਹਾਡੇ ਹੱਥ ਵਿਚਲਾ ਸੰਸਕਰਣ ਇਸ ਛੋਟੀ ਜਿਹੀ ਕਿਤਾਬ ਦਾ ਸੋਧਿਆ ਹੋਇਆ ਰੂਪ ਹੈ, ਜਿਸ ਵਿੱਚ ਨਵੇਂ ਗੀਤ ਪਾਏ ਗਏ ਹਨ। ਆਸ ਹੈ ਤੁਹਾਨੂੰ ਪਸੰਦ ਆਉਣਗੇ। ਇਹ ਕਿਤਾਬ 23 ਮਾਰਚ ਨੂੰ ਤੂੜੀ ਬਾਜ਼ਾਰ, ਫਿਰੋਜ਼ਪੁਰ ਵਿਖੇ ਉਸ ਇਮਾਰਤ ਦੇ ਬਾਹਰ ਜਾਰੀ ਕੀਤੀ ਜਾ ਰਹੀ ਹੈ, ਜਿਥੇ ਕ੍ਰਾਂਤੀਕਾਰੀਆਂ ਨੇ ਸਭ ਤੋਂ ਪਹਿਲਾਂ ਆਪਣਾ ਦਫਤਰ ਬਣਾਇਆ ਸੀ। ਇਸ ਇਮਾਰਤ ਨੂੰ ਹੁਣ ਪੰਜਾਬ ਸਰਕਾਰ ਨੇ ਸੁਰੱਖਿਅਤ ਇਮਾਰਤ ਘੋਸ਼ਿਤ ਕਰ ਦਿੱਤਾ ਹੈ। ਮੈਨੂੰ ਮਾਣ ਹੈ ਕਿ ਮੇਰੀ ਜਨ ਹਿਤ ਯਾਚਿਕਾ ਅਤੇ ਅਵਮਾਨਨਾ ਯਾਚਿਕਾ ਦਾ ਇਸ ਸ਼ੁੱਭ ਕੰਮ ਵਿੱਚ ਬਹੁਤ ਯੋਗਦਾਨ ਰਿਹਾ।

ਇਥੇ ਮੈਂ ਇਕ ਰਹੱਸ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਮੈਂ ਆਪਣੇ ਨਾਂਵ ਨਾਲੋਂ "ਅਰੋੜਾ" ਸ਼ਬਦ ਹਟਾਉਣ ਦਾ ਫੈਸਲਾ ਕੀਤਾ ਹੈ। ਹੁਣ ਮੈਂ ਸਿਰਫ "ਹਰੀ ਚੰਦ" ਹਾਂ। ਦੋਸਤੋ, ਇਹ ਮੇਰੇ ਵੱਲੋਂ ਜਾਤੀ-ਵਿਹੀਣ ਸਮਾਜ ਦੀ ਦਿਸ਼ਾ ਵੱਲ ਚੁੱਕਿਆ ਇਕ ਛੋਟਾ ਜਿਹਾ ਕਦਮ ਹੈ।

**ਹਰੀ ਚੰਦ, ਐਡਵੋਕੇਟ**
ਮਿਤੀ: 15.6.2017 ਚੰਡੀਗੜ੍ਹ।

## ਦੋ ਸ਼ਬਦ ਮੁੜ ਕੇ ਫੇਰ

ਮੈਨੂੰ ਖੁਸ਼ੀ ਹੈ ਕਿ ਇਸ ਕਿਤਾਬਚੀ ਦਾ ਪਿਛਲਾ ਸੰਸਕਰਣ ਛਪਣ ਤੋਂ ਬਾਅਦ ਮੈਂ ਸ਼ਹੀਦੇ ਆਜ਼ਮ ਭਗਤ ਸਿੰਘ ਵਲੋਂ ਅੰਗਰੇਜ਼ ਅਫਸਰ ਸਾਂਡਰਸ ਨੂੰ ਮਾਰਣ ਲਈ ਵਰਤਿਆ ਪਿਸਤੌਲ, ਜਿਹੜਾ ਕਿ ਪਿਛਲੇ ਕਈ ਦਹਾਕਿਆਂ ਤੋਂ ਬੀ. ਐੱਸ. ਐੱਫ. ਦੇ ਇੰਦੌਰ ਵਿਖੇ ਸਥਿਤ ਅਜਾਇਬ ਘਰ ਵਿਚ ਰੁੱਲ ਰਿਹਾ ਸੀ, ਨੂੰ ਮਾਨਯੋਗ ਹਾਈ ਕੋਰਟ ਵਿਚ ਜਨ ਹਿੱਤ ਪਟੀਸ਼ਨ ਦਾਇਰ ਕਰ ਕੇ ਵਾਪਸ ਪੰਜਾਬ ਵਿਚ ਲਿਆਉਣ ਵਿਚ ਕਾਮਯਾਬ ਹੋਇਆ ਹਾਂ। ਇਸ ਪ੍ਰਸੰਗ ਨੂੰ ਵੀ ਇਸ ਕਿਤਾਬਚੀ ਵਿਚ ਸ਼ਾਮਲ ਕਰ ਕੇ ਇਸਦਾ ਤੀਜਾ ਸੰਸਕਰਣ ਤੁਹਾਡੀ ਸਪੁਰਦ ਕਰ ਰਿਹਾ ਹਾਂ।

ਚੰਡੀਗੜ੍ਹ

ਮਿਤੀ: 15.6.2017 ਹਰੀ ਚੰਦ ਅਰੋੜਾ



## ਸ਼ਹੀਦੇ ਆਜ਼ਮ ਭਗਤ ਸਿੰਘ ਦਾ ਉਹ ਪਿਸਤੌਲ, ਜਿਸ ਨਾਲ ਉਸ ਨੇ ਅੰਗਰੇਜ਼ ਅਫਸਰ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਿਆ ਸੀ- ਵਾਪਸ ਪੰਜਾਬ ਪਹੁੰਚਿਆ :

ਸੀ ਡਬਲਯੂ ਪੀ 5655 ਆਫ 2017
(ਐਚ ਸੀ ਅਰੋੜਾ ਬਨਾਮ ਪੰਜਾਬ ਸਰਕਾਰ)

**ਪਟੀਸ਼ਨ ਕਰਤਾ ਦੀ ਫਰਿਆਦ:**

ਸ਼ਹੀਦੇ ਆਜ਼ਮ ਭਗਤ ਸਿੰਘ ਦਾ ਉਹ ਪਿਸਤੌਲ, ਜਿਸ ਨਾਲ ਉਸ ਨੇ ਅੰਗਰੇਜ਼ ਅਫਸਰ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਿਆ ਸੀ, ਪਿਛਲੇ ਕਈ ਦਹਾਕਿਆਂ ਤੋਂ ਬੀ. ਐੱਸ. ਐੱਫ. ਦੇ ਇੰਦੌਰ ਵਿਖੇ ਸਥਿਤ ਅਜਾਇਬ ਘਰ ਵਿਚ ਰੁਲ ਰਿਹਾ ਹੈ। ਇਹ ਪਿਸਤੌਲ ਸ਼ਹੀਦੇ ਆਜ਼ਮ ਦੇ ਜੱਦੀ ਪਿੰਡ ਖਟਕੜ ਕਲਾਂ ਦੇ ਅਜਾਇਬ ਘਰ ਵਿਚ ਰੱਖਿਆ ਜਾਣਾ ਚਾਹੀਦਾ ਹੈ। ਇਸ ਲਈ ਬੀ. ਐੱਸ. ਐੱਫ. ਨੂੰ ਹਦਾਇਤ ਦਿੱਤੀ ਜਾਵੇ ਕਿ ਉਹ ਇਸ ਪਿਸਤੌਲ ਨੂੰ ਪੰਜਾਬ ਸਰਕਾਰ ਨੂੰ ਵਾਪਸ ਦੇਵੇ।

## ਪਟੀਸ਼ਨ ਦਾ ਅਸਰ:

22.5.2017 ਵਾਲੇ ਦਿਨ ਬੀ. ਐੱਸ. ਐੱਫ. ਵਲੋਂ ਮਾਨਯੋਗ ਹਾਈ ਕੋਰਟ ਵਿਚ ਇਕ ਹਲਫੀਆ ਬਿਆਨ ਦਾਇਰ ਕੀਤਾ ਗਿਆ, ਜਿਸ ਵਿਚ ਕਿਹਾ ਗਿਆ ਕਿ ਇਹ ਪਿਸਤੌਲ ਵਾਪਸ ਪੰਜਾਬ ਲੈ ਆਂਦਾ ਗਿਆ ਹੈ, ਅਤੇ ਇਸ ਨੂੰ ਫਿਰੋਜ਼ਪੁਰ ਨੇੜੇ ਹੁਸੈਨੀ ਵਾਲਾ ਵਿਖੇ ਸਥਿਤ ਬੀ. ਐੱਸ. ਐੱਫ. ਵਲੋਂ ਬਣਾਈ ਗਈ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦਗਾਰ ਵਿਚ ਸਜਾ ਕੇ ਰੱਖਿਆ ਜਾਵੇਗਾ।



ਸ਼ਹੀਦੇ ਆਜ਼ਮ ਭਗਤ ਸਿੰਘ ਦਾ ਉਹ ਪਿਸਤੌਲ, ਜਿਸ ਨਾਲ ਉਸ ਨੇ ਅੰਗਰੇਜ਼ ਅਫਸਰ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਿਆ ਸੀ, ਹੁਣ ਬੀ. ਐੱਸ. ਐੱਫ. ਦੇ ਹੁਸੈਨੀ ਵਾਲਾ, ਫਿਰੋਜ਼ਪੁਰ ਵਿਖੇ ਸਥਿਤ ਅਜਾਇਬ ਘਰ ਵਿਚ ਸਜਾ ਕੇ ਰੱਖਿਆ ਹੋਇਆ ਹੈ।






ਤੂੜੀ ਬਜ਼ਾਰ ਫਿਰੋਜ਼ਪੁਰ ਵਿਖੇ ਸਥਿਤ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਬਣਾਈ ਕਰਾਂਤੀਕਾਰੀ ਪਾਰਟੀ ਦਾ ਪਹਿਲਾ ਦਫਤਰ-ਜਿਸ ਨੂੰ ਹੁਣ ਪੰਜਾਬ ਸਰਕਾਰ ਨੇ ਸੁਰੱਖਿਅਤ ਸਮਾਰਕ ਘੋਸ਼ਿਤ ਕੀਤਾ ਹੈ ।

## ਕਰਾਂਤੀਕਾਰੀ ਪਾਰਟੀ ਦੇ ਦਫਤਰ ਨੂੰ ਸਮਾਰਕ ਵਿੱਚ ਬਦਲਣ ਬਾਰੇ ਮਾਨਯੋਗ ਹਾਈ ਕੋਰਟ ਵਿੱਚ ਪਟੀਸ਼ਨ ਦਾ ਅਸਰ।

**ਸੀ.ਡਬਲਯੂ.ਪੀ 20236 ਆਫ 2014**
**(ਐਚ.ਸੀ. ਅਰੋੜਾ ਬਨਾਮ ਪੰਜਾਬ ਸਰਕਾਰ )**

**ਪਟੀਸ਼ਨ ਕਰਤਾ ਦੀ ਫਰਿਆਦ :**

ਇਸ ਪਟੀਸ਼ਨ ਵਿੱਚ ਪਟੀਸ਼ਨ ਕਰਤਾ-ਐਡਵੋਕੇਟ ਐਚ. ਸੀ. ਅਰੋੜਾ ਨੇ ਗੁਹਾਰ ਲਗਾਈ ਸੀ ਕਿ ਪੰਜਾਬ ਸਰਕਾਰ ਨੂੰ ਇਹ ਨਿਰਦੇਸ਼ ਦਿੱਤਾ ਜਾਵੇ ਕਿ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸਥਾਪਤ ਕਰਾਂਤੀਕਾਰੀ ਪਾਰਟੀ ਦੇ ਪਹਿਲੇ ਦਫਤਰ ਨੂੰ, ਜਿਹੜਾ ਕਿ ਫਿਰੋਜ਼ਪੁਰ ਵਿੱਚ ਤੂੜੀ ਬਜ਼ਾਰ ਵਿਖੇ ਸਥਿਤ ਹੈ, ਨੂੰ ਸ਼ਹੀਦਾਂ ਦੀ ਯਾਦ ਵਿੱਚ ਸਮਾਰਕ ਦੇ ਰੂਪ ਵਿੱਚ ਸੁਰੱਖਿਅਤ ਕੀਤਾ ਜਾਵੇ।

**ਪਟੀਸ਼ਨ ਦਾ ਅਸਰ:**

ਇਸ ਪਟੀਸ਼ਨ ਦਾ ਨੋਟਿਸ ਮਿਲਦਿਆਂ ਹੀ ਪੰਜਾਬ ਸਰਕਾਰ ਨੇ “ਪੰਜਾਬ ਪਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤੱਤਵੀ ਥਾਵਾਂ ਅਤੇ ਰਿਮੇਂਨਜ਼ ਐਕਟ” ਦੇ ਅੰਤਰਗਤ ਮੁੱਢਲਾ ਨੋਟੀਫਿਕੇਸ਼ਨ ਜਾਰੀ ਕਰ ਕੇ ਅਖ਼ਬਾਰਾਂ ਵਿੱਚ ਛਪਾ ਕਿ ਆਮ ਜਨਤਾ ਕੋਲੋਂ ਦੋ ਮਹੀਨੇ ਦੇ ਸਮੇਂ ਅੰਦਰ ਇਤਰਾਜ਼ ਮੰਗ ਲਏ ਸਨ । ਇਸ ਤਰ੍ਹਾਂ ਸਰਕਾਰ ਨੇ ਕਰਾਂਤੀਕਾਰੀ ਪਾਰਟੀ ਦੇ ਉਪਰੋਕਤ ਦਫਤਰ ਨੂੰ ਸੁਰੱਖਿਅਤ ਸਮਾਰਕ ਘੋਸ਼ਿਤ ਕਰਨ ਦੀ ਦਿਸ਼ਾ ਵਿੱਚ ਪਹਿਲਾ ਕਦਮ ਚੁੱਕ ਲਿਆ। ਬਾਅਦ ਵਿੱਚ ਪੁਟੀਸ਼ਨ ਕਰਤਾ ਦੁਆਰਾ ਹੱਤਕ ਪਟੀਸ਼ਨ ਦਾਇਰ ਕਰਨ ਉਪਰੰਤ ਉਪਰੋਕਤ ਇਮਾਰਤ ਨੂੰ ਸਮਾਰਕ ਬਣਾਉਣ ਲਈ ਅੰਤਿਮ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਨੇ 15.1.2015 ਨੂੰ ਮਾਨਯੋਗ ਹਾਈ ਕੋਰਟ ਵਿਚ ਸ਼ਪਥ ਪੱਤਰ ਦਾਇਰ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ਪੰਜਾਬ ਸਰਕਾਰ ਨੇ ਮੁਢਲਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਜਿਸ ਉਪਰੰਤ ਮਾਣਯੋਗ ਹਾਈ ਕੋਰਟ ਨੂੰ ਯਾਚਿਕਾ ਦਾ ਨਿਪਟਾਰਾ ਕਰ ਦਿੱਤਾ। ਪ੍ਰੰਤੂ ਸਰਕਾਰ ਨੇ ਅੰਤਮ ਨੋਟੀਫਿਕੇਸ਼ਨ ਜਾਰੀ ਨਾ ਕੀਤਾ। ਜਿਸ ਉਪਰੰਤ ਯਾਚੀ ਨੇ ਮਾਨਯੋਗ ਹਾਈ ਕੋਰਟ ਵਿਚ ਹੱਤਕ ਪਟੀਸ਼ਨ ਦਾਇਰ ਕਰ ਦਿੱਤੀ।ਆਖਰ ਨੂੰ ਸਰਕਾਰ ਨੇ 15.12.2015 ਨੂੰ ਅੰਤਮ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ। ਹੁਣ ਇਸ ਇਮਾਰਤ ਨੂੰ ਸਮਾਰਕ ਵਿਚ ਬਦਲਣ ਦਾ ਰਾਹ ਪੱਧਰਾ ਹੋ ਗਿਆ ਹੈ।



## ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦਗਾਰ ਬਨਾਉਣ ਬਾਰੇ ਮਾਨਯੋਗ ਹਾਈ ਕੋਰਟ ਦਾ ਨਿਰਦੇਸ਼

**ਸੀ. ਡਬਲਯੂ. ਪੀ ਨੰ. 12654 ਆਫ 2007**
**(ਐਚ. ਸੀ. ਅਰੋੜਾ ਬਨਾਮ ਪੰਜਾਬ ਸਰਕਾਰ )**

**ਜਨ ਹਿੱਤ ਪਟੀਸ਼ਨ ਵਿੱਚ ਉਠਾਇਆ ਗਿਆ ਮੁੱਦਾ :**

ਇਸ ਜਨ ਹਿੱਤ ਪਟੀਸ਼ਨ ਰਾਹੀਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਮੇਰੇ ਵੱਲੋਂ ਫਰਿਆਦ ਕੀਤੀ ਗਈ ਸੀ ਕਿ ਪੰਜਾਬ ਸਰਕਾਰ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਉਹ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿਖੇ ਇਸ ਅਮਰ ਸ਼ਹੀਦ ਦੀ ਯਾਦ ਵਿੱਚ ਬਣ ਰਹੀ ਯਾਦਗਾਰ ਨੂੰ ਪੂਰਾ ਕਰਨ ਲਈ ਲੋੜੀਂਦੀ ਮਾਤਰਾ ਵਿੱਚ ਫੰਡ ਮੁਹੱਈਆ ਕਰਾਵੇ।

**ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੇ ਨਿਰਦੇਸ਼:**

“ਸ੍ਰੀ ਟੀ. ਐਸ. ਚਾਹਲ, ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ.-1, ਪੀ. ਡਬਲਯੂ. ਡੀ., ਬੀ. ਐਂਡ ਆਰ. ਲੁਧਿਆਣਾ ਵੱਲੋਂ ਦਾਇਰ ਕੀਤਾ ਸ਼ਪਥ-ਪੱਤਰ ਰਿਕਾਰਡ ’ਤੇ ਲਿਆ ਜਾਂਦਾ ਹੈ । ਇਸ ਸ਼ਪਥ-ਪੱਤਰ ਵਿੱਚ ਕਿਹਾ ਗਿਆ ਹੈ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿਖੇ ਸ਼ਹੀਦ ਦੀ ਯਾਦ ਵਿੱਚ ਬਣ ਰਹੀ ਯਾਦਗਾਰ ਦੀ ਉਸਾਰੀ ਲਈ 40 ਲੱਖ ਰੁਪਏ ਦੀ ਰਕਮ ਮਨਜ਼ੂਰ ਕਰ ਦਿੱਤੀ ਗਈ ਹੈ ਅਤੇ ਇਹ ਰਕਮ ਉੱਪ ਮੰਡਲ ਮੈਜਿਸਟਰੇਟ (ਪੂਰਬ), ਲੁਧਿਆਣਾ ਨੂੰ ਹਾਸਲ ਹੋ ਗਈ ਹੈ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਬੁੱਤ ਦੀ ਉਸਾਰੀ ਆਦਿ ਅਤੇ ਵਿਖਾਵਟੀ ਦੀਵਾਰਾਂ ਲਈ ਕੁੱਲ 58 ਲੱਖ ਰੁਪਏ ਦੀ ਰਾਸ਼ੀ ਦੀ ਜ਼ਰੂਰਤ ਸੀ, ਜਿਸ ਵਿੱਚੋਂ 28 ਲੱਖ ਰੁਪਏ ਦੀ ਰਾਸ਼ੀ ਨਿਰਦੇਸ਼ਕ, ਛੋਟੀਆਂ ਬੱਚਤਾਂ, ਲੁਧਿਆਣਾ ਤੋਂ ਪ੍ਰਾਪਤ ਹੋ ਗਈ ਹੈ, ਜਿਸ ਦੀ ਵਰਤੋਂ ਯਾਦਗਾਰ ਲਈ ਬਣਨ ਵਾਲੇ ਬੁੱਤ ਦੇ ਨਮੂਨੇ ਸਬੰਧੀ ਨਿਰਣੇ ਉੱਪਰ ਨਿਰਭਰ ਕਰੇਗੀ।

ਅਸੀਂ ਚਾਹੁੰਦੇ ਹਾਂ ਕਿ ਇਹ ਕਾਰਜ ਜਲਦੀ ਤੋਂ ਜਲਦੀ ਨੇਪਰੇ ਚਾੜ੍ਹਿਆ ਜਾਵੇ।

ਕਾਰਜਕਾਰੀ ਇੰਜੀਨੀਅਰ ਦੇ ਸ਼ਪਥ-ਪੱਤਰ ਦੇ ਮੱਦੇ ਨਜ਼ਰ ਹੁਣ ਕਿਸੇ ਹੋਰ ਨਿਰਦੇਸ਼ ਦੇਣ ਦੀ ਜ਼ਰੂਰਤ ਨਹੀਂ।

ਪਟੀਸ਼ਨ ਦਾ ਨਿਪਟਾਰਾ ਕੀਤਾ ਜਾਂਦਾ ਹੈ ।

(ਵਿਜੇਂਦਰ ਜੈਨ)
ਮੁੱਖ ਜੱਜ

(ਮਹੇਸ਼ ਗਰੋਵਰ)
2 ਜੁਲਾਈ, 2008 ਜੱਜ''



ਸਰਾਭਾ ਪਿੰਡ ਵਿਖੇ ਸਥਿਤ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬੁੱਤ- ਬੁੱਤ ਦੇ ਦਰਸ਼ਨ ਕਰਨ ਜਾ ਰਿਹਾ ਲੇਖਕ ਅਤੇ ਉਸ ਦੇ ਨਾਲ ਉਸ ਦਾ ਦੋਸਤ ਸ੍ਰੀ ਕੁਲਦੀਪ ਖੈਰਾ।



**ਸ਼ਹੀਦ ਮਦਨ ਲਾਲ ਢੀਂਗੜਾ ਦੇ ਢੱਠੇ ਹੋਏ ਜੱਦੀ ਘਰ ਨੂੰ ਯਾਦਗਾਰ ਦੇ ਤੌਰ ਤੇ ਨਾ ਸਾਂਭਣ ਦੇ ਸਰਕਾਰੀ ਫੈਸਲੇ ਦੇ ਹੱਕ ਵਿੱਚ ਪੰਜਾਬ ਸਰਕਾਰ ਵੱਲੋਂ ਦਿੱਤੇ ਸ਼ਪਥ-ਪੱਤਰ ਵਿੱਚ ਦੱਸੇ ਗਏ ਕੁਝ ਤਰਕ:**

ਨੋਟ: ਐਡਵੋਕੇਟ ਐੱਚ. ਸੀ ਅਰੋੜਾ ਵੱਲੋਂ ਦਾਇਰ ਜਨ ਹਿੱਤ ਪਟੀਸ਼ਨ, ਸੀ ਡਬਲਯੂ ਪੀ -3197 ਆਫ 2012 ਵਿੱਚ ਪੰਜਾਬ ਸਰਕਾਰ ਨੂੰ ਨਿਰਦੇਸ਼ ਦੇਣ ਦੀ ਫਰਿਆਦ ਕੀਤੀ ਗਈ ਸੀ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਕਟੜਾ ਸ਼ੇਰ ਸਿੰਘ ਵਿਚਲੇ ਅਧ ਢਹੇ ਜੱਦੀ ਘਰ ਨੂੰ ਸੰਭਾਲਣ ਅਤੇ ਉਸ ਥਾਂ ਤੇ ਉਸ ਦੀ ਯਾਦਗਾਰ ਬਨਾਉਣ ਲਈ ਸੋਚਿਆ ਸਮਝਿਆ ਨਿਰਣਾ ਕਰਨ।

ਪੰਜਾਬ ਸਰਕਾਰ ਵੱਲੋਂ ਸ੍ਰੀ ਨਵਜੋਤ ਪਾਲ ਸਿੰਘ, ਸੰਯੁਕਤ ਨਿਰਦੇਸ਼ਕ, ਸਭਿਆਚਾਰਕ ਵਿਭਾਗ, ਪੰਜਾਬ ਨੇ ਇਕ ਸ਼ਪਥ-ਪੱਤਰ ਦਾਇਰ ਕੀਤਾ, ਜਿਸ ਵਿੱਚ ਮੁੱਖ ਤੌਰ 'ਤੇ ਹੇਠ ਲਿਖੇ ਕਾਰਨ ਦੱਸਦੇ ਹੋਏ ਅਜਿਹਾ ਸਮਾਰਕ ਬਨਾਉਣ ਤੋਂ ਇਨਕਾਰ ਕੀਤਾ ਗਿਆ ਸੀ:

"ਇਸ ਮਾਨਯੋਗ ਅਦਾਲਤ ਦੇ ਮੂਹਰੇ ਬੇਨਤੀ ਹੈ ਕਿ ਸ਼ਹੀਦ ਮਦਨ ਲਾਲ ਢੀਂਗੜਾ ਵਾਸਤਵ ਵਿੱਚ ਪੰਜਾਬ ਦਾ ਪਹਿਲਾ ਸ਼ਹੀਦ ਸੀ ਅਤੇ ਉਸਦੀ ਆਜ਼ਾਦੀ ਸੰਗਰਾਮ ਅਤੇ ਦੇਸ਼ ਸੇਵਾ ਵਿੱਚ ਦੇਣ ਦਾ ਕੋਈ ਮੁਕਾਬਲਾ ਨਹੀਂ। ਉਹ ਕੌਮ ਦੇ ਸੰਘਰਸ਼ ਦੀ ਪ੍ਰਤੀਨਿਧਤਾ ਕਰਦਾ ਹੈ ।ਉਸ ਦੀ ਦੇਸ਼ ਦੀ ਆਜ਼ਾਦੀ ਦੇ ਮੰਤਵ ਲਈ ਦਿੱਤੀ ਗਈ ਕੁਰਬਾਨੀ ਦਾ ਮੁੱਲ ਕਿਸੇ ਵੀ ਤਰੀਕੇ ਨਹੀਂ ਤਾਰਿਆ ਜਾ ਸਕਦਾ।

ਇਸ ਮੰਤਵ ਲਈ, ਸ਼ਹੀਦ ਮਦਨ ਲਾਲ ਢੀਂਗੜਾ ਦੀ ਸ਼ਾਨ ਵਿੱਚ ਸਮਾਰਕ ਬਨਾਉਣ ਲਈ ਪੰਜਾਬ ਸਰਕਾਰ ਨੂੰ ਬਹੁਤ ਸਾਰੀਆਂ ਤਜਵੀਜ਼ਾਂ ਪ੍ਰਾਪਤ ਹੋਈਆਂ ਹਨ। ਇਹਨਾਂ ਤਜ਼ਵੀਜ਼ਾਂ ਤੇ ਵਿਚਾਰ ਕਰਨ ਤੋਂ ਪਤਾ ਲੱਗਿਆ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਨੇ ਤਾਂ ਪਹਿਲਾਂ ਹੀ ਆਪਣਾਂ 350 ਗਜ਼ ਦਾ ਪਲਾਟ ਖੁੱਲ੍ਹੇ ਬਜ਼ਾਰ ਵਿੱਚ ਵੇਚ ਦਿੱਤਾ ਹੈ, ਉੱਤੇ ਪਲਾਟ ਦੇ ਖਰੀਦਾਰ ਨੇ ਪਲਾਟ ਉਪਰਲੇ ਪੁਰਾਣੇ ਢਾਂਚੇ ਨੂੰ ਪਹਿਲਾਂ ਹੀ ਢਾਹ ਛੱਡਿਆ ਹੈ ।ਅੱਜ ਦੀ ਹਾਲਤ ਵਿੱਚ ਸ਼ਹੀਦ ਮਦਨ ਲਾਲ ਢੀਂਗੜਾ ਦੇ ਘਰ ਦੀ ਥਾਂ ਤੇ ਕੇਵਲ ਖਾਲੀ ਪਲਾਟ ਹੈ, ਜਿਵੇਂ ਕਿ ਅਨੁਲੱਗ ਆਰ-1 ਤੋਂ ਸਪਸ਼ਟ ਹੈ। ਇਹ ਗੁਆਂਢੀਆਂ ਦੇ ਘਰਾਂ ਦੀਆਂ ਇਮਾਰਤਾਂ ਨਾਲ ਘਿਰਿਆ ਹੋਇਆ ਹੈ। ਕਿਉਂਕਿ ਇਹ ਸਥਾਨ ਦੋ/ਤਿੰਨ ਮੰਜ਼ਲਾ ਘਰਾਂ ਨਾਲ ਘਿਰਿਆ ਹੋਇਆ ਹੈ ਅਤੇ ਇਸ ਦੇ ਮੂਹਰੇ ਇੱਕ ਮੰਜ਼ਲਾ ਦੁਕਾਨਾਂ ਹਨ, ਇਸ ਲਈ ਇਸ ਇਮਾਰਤ ਨੂੰ ਉਹਨਾਂ ਖਰੀਦਾਰਾਂ ਕੋਲੋਂ,ਜਿਹਨਾਂ ਨੇ ਇਹ ਜਗ੍ਹਾ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਕੋਲੋਂ ਖਰੀਦੀ ਹੈ, ਖਰੀਦਣਾ ਵਿਹਾਰਕ ਨਹੀਂ। ਇਸ ਤਰ੍ਹਾਂ ਕਿਸੇ ਵੀ ਸੂਰਤ ਵਿੱਚ ਹੁਣ ਇਸ ਜਗ੍ਹਾ ਨੂੰ ਬਣ ਚੁੱਕੇ ਖਰੀਦਾਰ ਤੋਂ ਬਜ਼ਾਰੀ






**ਸ਼ਹੀਦ ਮਦਨ ਲਾਲ ਢੀਂਗੜਾ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਜੱਦੀ ਘਰ ਦੀਆਂ ਢਾਹ ਦਿੱਤੇ ਜਾਣ ਤੋਂ ਬਾਅਦ ਦੀ ਹਾਲਤ ਦੀਆਂ ਤਸਵੀਰਾਂ।**

ਕੀਮਤ ਤੇ ਖਰੀਦਣ ਦਾ ਕੇਵਲ ਉਸ ਖਰੀਦਾਰ ਨੂੰ ਹੀ ਲਾਭ ਹੋਵੇਗਾ, ਨਾ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਨੂੰ। ਇਸ ਹਾਲਾਤ ਵਿੱਚ, ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੀ ਯਾਦਗਾਰ ਉਸ ਦੇ ਜੱਦੀ ਘਰ ਵਾਲੀ ਥਾਂ 'ਤੇ ਨਾ ਬਣਾਈ ਜਾਵੇ ।.........."





**ਸ਼ਹੀਦ ਸੁਖਦੇਵ ਦਾ ਨੌਘਰਾ ਬਜ਼ਾਰ, ਲੁਧਿਆਣਾ ਵਿਖੇ ਸਥਿਤ ਜੱਦੀ ਘਰ, ਜਿਸ ਨੂੰ ਲੇਖਕ ਦੁਆਰਾ ਦਾਇਰ ਜਨ ਹਿਤ ਪਟੀਸ਼ਨ ਦੀ ਸੁਣਵਾਈ ਦੌਰਾਨ "ਸੁਰੱਖਿਅਤ ਸਮਾਰਕ" ਘੋਸ਼ਿਤ ਕਰ ਦਿੱਤਾ ਗਿਆ ।**








## ਸੁਨਾਮ ਊਧਮ ਸਿੰਘ ਵਾਲਾ ਰੇਲਵੇ ਸਟੇਸ਼ਨ

(ਸੀ ਓ ਸੀ ਪੀ -1484-2016 )
ਐਚ ਸੀ ਅਰੋੜਾ ਬਨਾਮ ਸਰਵੇਸ਼ ਕੌਸ਼ਲ

**ਪਟੀਸ਼ਨ ਕਰਤਾ ਦੀ ਫਰਿਆਦ ਅਤੇ ਅਦਾਲਤ ਦਾ ਆਦੇਸ਼ :**

ਪਟੀਸ਼ਨ ਕਰਤਾ ਨੇ ਸਿਵਲ ਰਿਟ ਪਟੀਸ਼ਨ ਰਾਹੀਂ ਸੁਨਾਮ ਰੇਲਵੇ ਸਟੇਸ਼ਨ ਦਾ ਨਾਂ ਬਦਲ ਕੇ ਸ਼ਹੀਦ ਊਧਮ ਸਿੰਘ ਦੇ ਨਾਂ ਤੇ "ਸੁਨਾਮ ਊਧਮ ਸਿੰਘ ਵਾਲਾ ਰੇਲਵੇ ਸਟੇਸ਼ਨ" ਰੱਖਣ ਦੀ ਫਰਿਆਦ ਕੀਤੀ ਸੀ। ਜਿਸ ਵਿਚ ਮਾਨਯੋਗ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪਟੀਸ਼ਨ ਕਰਤਾ ਦੀ ਪ੍ਰਤੀਬੇਨਤੀ ਤੇ ਵਿਚਾਰ ਕਰਨ ਦਾ ਆਦੇਸ਼ ਦਿੱਤਾ ਸੀ। ਜਦੋਂ ਕਾਫੀ ਸਮੇਂ ਤੱਕ ਸਰਕਾਰ ਨੇ ਉੱਕਤ ਆਦੇਸ਼ ਦਾ ਪਾਲਣ ਨਾਂ ਕੀਤਾ ਤਾਂ ਪਟੀਸ਼ਨ ਕਰਤਾ ਨੇ "ਅਦਾਲਤ ਦੀ ਅਵਮਾਨਨਾ" ਦੀ ਪਟੀਸ਼ਨ ਦਾਇਰ ਕਰ ਦਿੱਤੀ, ਜਿਸ ਉਪਰੰਤ ਕੇਂਦਰ ਸਰਕਾਰ ਨੇ 21 ਦਿਸੰਬਰ, 2016 ਨੂੰ ਮਾਨਯੋਗ ਹਾਈ ਕੋਰਟ ਵਿਚ ਇਕ ਹਲਫ਼ਨਾਮਾਂ ਦਾਖ਼ਲ ਕਰ ਕੇ ਦੱਸਿਆ ਕਿ ਸੁਨਾਮ ਸ਼ਹੀਦ ਊਧਮ ਸਿੰਘ ਦਾ ਜੱਦੀ ਪਿੰਡ ਹੋਣ ਕਰਕੇ, ਸੁਨਾਮ ਰੇਲਵੇ ਸਟੇਸ਼ਨ ਦਾ ਨਾਂ ਬਦਲ ਕੇ "ਸੁਨਾਮ ਊਧਮ ਸਿੰਘ ਵਾਲਾ ਰੇਲਵੇ ਸਟੇਸ਼ਨ" ਕਰ ਦਿੱਤਾ ਗਿਆ ਹੈ।

# ਸ਼ਹੀਦ ਸੁਖਦੇਵ ਦੀ ਯਾਦਗਾਰ ਬਾਰੇ ਮਾਨਯੋਗ ਹਾਈ ਕੋਰਟ ਦਾ ਫੈਸਲਾ

**ਸੀ. ਡਬਲਯੂ ਪੀ 4227 ਆਫ 2007**
**(ਐਚ. ਸੀ. ਅਰੋੜਾ ਬਨਾਮ ਪੰਜਾਬ ਸਰਕਾਰ)**

**ਪਟੀਸ਼ਨ ਕਰਤਾ ਦੀ ਫਰਿਆਦ:**

ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਸ਼ਹੀਦ ਸੁਖਦੇਵ ਦੇ ਲੁਧਿਆਣਾ ਦੇ ਨੌਘਰਾ ਇਲਾਕੇ ਵਿੱਚ ਸਥਿਤ ਜੱਦੀ ਘਰ ਨੂੰ ਸਮਾਰਕ ਘੋਸ਼ਤ ਕਰ ਕੇ ਇਸ ਦੀ ਸਰਕਾਰ ਵੱਲੋਂ ਸੰਭਾਲ ਕੀਤੀ ਜਾਵੇ ।

**ਮਾਨਯੋਗ ਹਾਈ ਕੋਰਟ ਦਾ ਨਿਰਦੇਸ਼:**

ਪੰਜਾਬ ਸਰਕਾਰ ਦਾ ਸ਼ਪਥ-ਪੱਤਰ ਰਿਕਾਰਡ 'ਤੇ ਲਿਆ ਜਾਂਦਾ ਹੈ ।

ਸ਼ਪਥ-ਪੱਤਰ ਦੇ ਪੈਰਾ ਨੰਬਰ 2 ਵਿੱਚ ਲਿਖਿਆ ਗਿਆ ਹੈ ਕਿ ਇਹ ਇਕ ਇਤਿਹਾਸਕ ਤੱਥ ਹੈ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ 23 ਮਾਰਚ, 1931 ਨੂੰ ਫਾਂਸੀ ਚੁੰਮ ਕੇ ਦੇਸ਼ ਵਾਸਤੇ ਅਤੇ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਨ ਲਈ ਇਕ ਮਹਾਨ ਕੁਰਬਾਨੀ ਦਿੱਤੀ ਸੀ। ਇਹ ਵੀ ਕਿਹਾ ਗਿਆ ਹੈ ਕਿ ਸ਼ਹੀਦ ਸੁਖਦੇਵ ਦੇ ਰਿਸ਼ਤੇਦਾਰ ਸਰਕਾਰ ਦੀ ਇਸ ਤਜਵੀਜ਼ ਅਨੁਸਾਰ ਇਹ ਥਾਂ ਦਾਨ ਕਰਨ ਲਈ ਸਹਿਮਤ ਨਹੀ ਹਨ। ਲੁਧਿਆਣਾ ਦੇ ਨੌਘਰਾ ਇਲਾਕੇ ਵਿੱਚ ਸਥਿਤ ਇਸ ਜੱਦੀ ਘਰ ਨੂੰ "ਪੰਜਾਬ ਪਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤੱਤਵੀ ਥਾਵਾਂ ਅਤੇ ਰਿਮੇਨਜ਼ ਐਕਟ, 1964" ਦੇ ਤਹਿਤ ਸੁਰੱਖਿਅਤ ਯਾਦਗਾਰ ਘੋਸ਼ਿਤ ਕੀਤਾ ਗਿਆ ਹੈ। ................

ਪੰਜਾਬ ਸਰਕਾਰ ਵਲੋਂ ਦਾਇਰ ਕੀਤੇ ਸ਼ਪਥ-ਪੱਤਰ ਦੇ ਮੱਦੇਨਜ਼ਰ ਇਸ ਪਟੀਸ਼ਨ ਦਾ ਨਿਪਟਾਰਾ ਕੀਤਾ ਜਾਂਦਾ ਹੈ ਕਿਉਂਕਿ ਹੁਣ ਕੋਈ ਵੀ ਹੋਰ ਨਿਰਦੇਸ਼ ਜਾਰੀ ਕਰਨ ਦੀ ਜ਼ਰੂਰਤ ਨਹੀ ਰਹੀ।

17 ਜੁਲਾਈ, 2007

(ਵਿਜੇਂਦਰ ਜੈਨ)
ਮੁੱਖ ਜੱਜ
(ਮਹੇਸ਼ ਗਰੋਵਰ)
ਜੱਜ



# ਸ਼ਹੀਦ ਊਧਮ ਸਿੰਘ ਦੀਆਂ ਨਿੱਜੀ ਵਸਤਾਂ

ਸੀ ਡਬਲਯੂ ਪੀ-13267-2016
ਐਚ ਸੀ ਅਰੋੜਾ ਬਨਾਮ ਭਾਰਤ ਸਰਕਾਰ

**ਪਟੀਸ਼ਨ ਕਰਤਾ ਦੀ ਫਰਿਆਦ ਅਤੇ ਅਦਾਲਤ ਦਾ ਆਦੇਸ਼:**

ਸ਼ਹੀਦ ਊਧਮ ਸਿੰਘ ਨੇ 1940 ਵਿਚ ਲੰਦਨ ਵਿਖੇ ਜਨਰਲ ਡਾਇਰ ਦਾ ਕਤਲ ਕਰ ਕੇ ਜਲਿਆਂ ਵਾਲੇ ਬਾਗ਼ ਦੇ 1919 ਦੇ ਕਤਲੇਆਮ ਦਾ ਬਦਲਾ ਲਿਆ ਸੀ-ਉਸਦਾ ਪਿਸਤੌਲ ਅਤੇ ਹੋਰ ਨਿੱਜੀ ਵਸਤਾਂ ਹੁਣ ਤਕ ਲੰਦਨ ਦੇ ਅਜਾਇਬ ਘਰ ਵਿਚ ਹੀ ਪਈਆਂ ਹਨ। ਪਟੀਸ਼ਨ ਕਰਤਾ ਨੇ ਮਾਨਯੋਗ ਹਾਈ ਕੋਰਟ ਨੂੰ ਬੇਨਤੀ ਕੀਤੀ ਸੀ ਕਿ ਭਾਰਤ ਸਰਕਾਰ ਨੂੰ ਆਦੇਸ਼ ਦਿੱਤਾ ਜਾਵੇ ਕਿ ਉਹ ਇੰਗਲੈਂਡ ਦੀ ਸਰਕਾਰ ਨਾਲ ਗੱਲ ਬਾਤ ਕਰ ਕੇ ਸ਼ਹੀਦ ਊਧਮ ਸਿੰਘ ਦਾ ਪਿਸਤੌਲ ਅਤੇ ਬਾਕੀ ਦੀਆਂ ਨਿੱਜੀ ਵਸਤਾਂ ਭਾਰਤ ਵਾਪਸ ਲਿਆਵੇ -ਕੇਸ ਦੀ ਸੁਣਵਾਈ ਦੇ ਦੌਰਾਨ ਭਾਰਤ ਸਰਕਾਰ ਵੱਲੋਂ ਵਾਇਦਾ ਕੀਤਾ ਗਿਆ ਕਿ ਉਹ ਇੰਗਲੈਂਡ ਦੀ ਸਰਕਾਰ ਨਾਲ ਇਹ ਮੁੱਦਾ ਲਗਾਤਾਰ ਉਠਾਂਦੀ ਰਹੇਗੀ-ਮਾਨਯੋਗ ਹਾਈ ਕੋਰਟ ਨੇ ਆਸ ਜਤਾਈ ਕਿ ਭਾਰਤ ਸਰਕਾਰ 13.4.2019 ਤੱਕ, ਜਦੋਂ ਜਲਿਆਂ ਵਾਲੇ ਬਾਗ਼ ਦੇ ਗੋਲੀ ਕਾਂਡ ਦੀ ਸ਼ਤਾਬਦੀ ਵਰ੍ਹੇ ਗੰਢ ਹੈ, ਆਪਣੀਆਂ ਕੋਸ਼ਿਸ਼ਾਂ ਵਿਚ ਕਾਮਯਾਬ ਹੋ ਜਾਵੇਗੀ।





## ਭਗਤ ਸਿੰਘ ਦੀ ਅਮਰ ਕਹਾਣੀ

ਭਗਤ ਸਿੰਘ ਦੀ ਅਮਰ ਕਹਾਣੀ
ਮੈਂ ਸੁਣਾਵਣ ਆਇਆ
ਆਪਣੇ ਵੱਲੋਂ ਸ਼ਰਧਾ ਦੇ ਮੈਂ
ਫੁੱਲ ਚੜ੍ਹਾਵਣ ਆਇਆ।

ਜਿਸ ਨੇ ਫੋਕਾ ਬੰਬ ਚਲਾ ਕੇ
ਗੋਰਿਆਂ ਤਾਈਂ ਡਰਾਇਆ
ਜਿਸ ਦੇ ਗਰਮ ਖਿਆਲਾਂ ਨੇ ਸੀ
ਦੇਸ਼ ਚ ਲਾਂਬੂ ਲਾਇਆ।

ਜਿਸ ਨੂੰ ਫਾਂਸੀ ਦੇਵਣ ਲੱਗਿਆਂ
ਗੋਰਾ ਸੀ ਘਬਰਾਇਆ।
ਚੁੱਪ ਚਪੀਤੇ ਰਾਤ ਦੇ ਵੇਲੇ
ਫਾਂਸੀ ਉੱਤੇ ਚੜ੍ਹਾਇਆ।

ਜਿਸ ਨੇ ਆਪਣੀ ਜਾਨ ਵਾਰ ਕੇ
ਦੇਸ਼ ਆਜ਼ਾਦ ਕਰਾਇਆ
ਭਗਤ ਸਿੰਘ ਦੀ ਅਮਰ ਕਹਾਣੀ
ਮੈਂ ਸੁਣਾਵਣ ਆਇਆ।

ਭਗਤ ਸਿੰਘ ਦੇ ਯਾਰਾਂ ਦੀ ਵੀ
ਵਿੱਚੇ ਗੱਲ ਸੁਣਾਵਾਂਗਾ
ਉਹਨਾਂ ਦੀ ਕੁਰਬਾਨੀ ਉੱਤੇ
ਪੂਰੇ ਫੁੱਲ ਚੜ੍ਹਾਵਾਂਗਾ।

ਇੱਕੋ ਬੈਠਕ ਦੇ ਵਿੱਚ ਪੂਰੀ
ਗਾਥਾ ਸੁਣ ਕੇ ਜਾਣਾ
ਭਗਤ ਸਿੰਘ ਦੀ ਸੋਚ ਤੇ ਆਪਾਂ
ਰਲ ਕੇ ਪਹਿਰਾ ਲਾਣਾ।

ਆਪਣੇ ਵੱਲੋਂ ਸ਼ਰਧਾ ਦੇ ਮੈਂ
ਫੁੱਲ ਚੜ੍ਹਾਵਣ ਆਇਆ
ਭਗਤ ਸਿੰਘ ਦੀ ਅਮਰ ਕਹਾਣੀ
ਮੈਂ ਸੁਣਾਵਣ ਆਇਆ।
✴



## ਬਚਪਨ ਅਤੇ ਜਵਾਨੀ
(28.9.1907 –1923)

ਭਗਤ ਸਿੰਘ ਦਾ ਨਾਂ ਸ਼ੁਰੂ ਤੋਂ
ਭਾਗਾਂ ਵਾਲਾ ਸੀ
ਬਚਪਨ ਤੋਂ ਹੀ ਉਸ ਦਾ
ਹਰ ਇਕ ਚੋਜ ਨਿਰਾਲਾ ਸੀ।

ਕਿਸ਼ਨ ਸਿੰਘ ਸਰਦਾਰ ਨੂੰ
ਪੁੱਤਰ ਬਹੁਤ ਪਿਆਰਾ ਸੀ
ਵਿੱਦਿਆ ਵਤੀ ਮਾਤਾ ਦੀ ਵੀ
ਅੱਖ ਦਾ ਤਾਰਾ ਸੀ।

ਮੋਰਚਿਆਂ ਵਿੱਚ ਲੰਗਰ ਦੀ
ਉਹ ਸੇਵਾ ਕਰਦਾ ਸੀ
ਵੱਡਾ ਹੋਇਆ ਤਾਂ ਉਹ
ਨੈਸ਼ਨਲ ਕਾਲਜ ਪੜ੍ਹਦਾ ਸੀ।

ਕਰਤਾਰ ਸਿੰਘ ਸਰਾਭੇ ਦਾ
ਉਹ ਬਹੁਤ ਦਿਵਾਨਾ ਸੀ
ਬਚਪਨ ਤੋਂ ਹੀ ਆਜ਼ਾਦੀ ਦਾ
ਉਹ ਪਰਵਾਨਾ ਸੀ।

ਇੱਕ ਵਾਰੀ ਘਰੋਂ ਵੀ ਉਹ
ਭੱਜ ਗਿਆ ਸੀ
ਇਕ ਚਿੱਠੀ ਲਿਖ ਘਰੇ

ਛੱਡ ਗਿਆ ਸੀ।
ਕਹਿੰਦਾ ਦੇਸ਼ ਦੀ ਮੈਂ ਸੇਵਾ
ਵਿੱਚ ਤੁਰ ਗਿਆ ਹਾਂ
ਦੇਸ਼ ਦੀ ਆਜ਼ਾਦੀ ਨਾਲ
ਜੁੜ ਗਿਆ ਹਾਂ।


ਕਈ ਚਿਰਾਂ ਬਾਦ ਜਦੋਂ
ਘਰ ਆਇਆ ਸੀ
ਘਰ ਵਿੱਚ ਖੁਸ਼ੀਆਂ ਦਾ
ਹੜ੍ਹ ਆਇਆ ਸੀ
ਲਾਡਲੇ ਦੇ ਉੱਤੇ ਸਾਰੇ
ਡੁਲ੍ਹ ਡੁੱਲ੍ਹ ਗਏ
ਸ਼ਾਦੀ ਦੀਆਂ ਗੱਲਾਂ
ਸਦਾ ਲਈ ਭੁੱਲ ਗਏ।

ਕੋਈ ਨਹੀਂ ਸੀ ਜਾਣਦਾ
ਉਹ ਕੀ ਕਰੇਗਾ
ਸ਼ਾਦੀ ਕਰੇਗਾ ਜਾਂ
ਦੇਸ਼ ਲਈ ਲੜੇਗਾ।
✵



## ਸ਼ਾਦੀ ਤੋਂ ਇਨਕਾਰ

ਮੇਰੀ ਸੁਣ ਲਓ ਬਾਪੂ ਜੀ
ਮੈਂ ਤਾਂ ਦੇਸ਼ ਆਜ਼ਾਦ ਕਰੌਣਾ
ਨਾ ਮੈਂ ਸ਼ਾਦੀ ਕਰਨੀ ਹੈ
ਨਾ ਮੈਂ ਸੁਖ ਦੀ ਨੀਂਦਰ ਸੌਣਾ।
ਜੂਲਾ ਬੁਰਾ ਗੁਲਾਮੀਂ ਦਾ
ਇਸ ਨੂੰ ਦੇਸ਼ ਦੇ ਗਲ ਚੋਂ ਲਾਹੁਣਾ
ਮੈਂ ਤਾਂ ਘਰ ਵੀ ਛਡ ਦਿਆਂਗਾ
ਜੇਕਰ ਏਦਾਂ ਮੈਨੂੰ ਸਤੌਣਾ।
ਬਾਪੂ ਦੋਚਿੱਤੀ ਵਿਚ ਸੀ
ਚਾਹੁੰਦਾ ਭਗਤ ਸਿੰਘ ਨੂੰ ਵਿਆਹੁਣਾ
ਕਈ ਵਾਰ ਤਾਂ ਬਾਪੂ ਨੇਂ
ਉਸ ਨੂੰ ਦੱਬਕਾ ਸ਼ਬਕਾ ਲੌਣਾ।
ੳਧਰ ਮਾਤਾ ਰਾਣੀ ਨੇ
ਉਸਨੂੰ ਪਿਆਰ ਨਾਲ ਸਮਝੌਣਾ
ਭਗਤ ਸਿੰਘ ਵੀ ਪੱਕਾ ਸੀ
ਉਸਨੇਂ ਗੱਲਾਂ ਵਿੱਚ ਨਾ ਆਉਣਾ।
ਉਹਦੇ ਬਾਗੀ ਯਾਰਾਂ ਨੇ
ਇੱਕੋ ਗਲ ਉਹਨੂੰ ਸਮਝਾਈ
ਅਜੇ ਤੂੰ ਬਾਗੀ ਲਹਿਰਾਂ ਵਿੱਚ
ਯਾਰਾ ਚੜ੍ਹਨੀ ਬਹੁਤ ਚਢਾਈ।
ਸ਼ਾਦੀ ਦੀ ਰੁਕਾਵਟ ਨੂੰ
ਕਾਹਨੂੰ ਆਪਣੇ ਆਪ ਬੁਲੌਣਾ
ਉਹਨੇ ਆਖਿਆ ਬਾਪੂ ਜੀ
ਮੈਨੂੰ ਹੋਰ ਨਾ ਹੁਣ ਮਨੌਣਾ
ਦੋਵੇਂ ਹੱਥ ਜੋੜ ਕੇ ਆਖਾਂ
ਮੈਂ ਤਾਂ ਦੇਸ਼ ਦੇ ਕੰਮ ਹੀ ਔਣਾ।
✵






## ਪਹਿਲੀ ਗ੍ਰਿਫਤਾਰੀ
(29.5.1927)

ਭਗਤ ਸਿੰਘ ਦੇ ਕੰਮਾਂ ਕੋਲੋਂ
ਗੋਰਾ ਸੀ ਘਬਰਾਇਆ
ਭਗਤ ਸਿੰਘ ਨੂੰ ਫੜਣ ਦੀ ਖਾਤਰ
ਝੂਠਾ ਪਲਾਨ ਬਣਾਇਆ।
ਕੁਝ ਦਿਨ ਪਹਿਲਾਂ ਵਿੱਚ ਦੁਸਹਿਰੇ
ਕਿਸੇ ਨੇ ਬੰਬ ਫਟਾਇਆ।
ਹੋਰ ਨਾ ਕੋਈ ਜੁਰਮ ਲੱਭਿਆ
ਓਸੇ ਵਿੱਚ ਫਸਾਇਆ।
ਉਸਦੀ ਡਾਕ ਸੀ ਸੈਂਸਰ ਹੁੰਦੀ
ਪਿਛਲੇ ਕਈ ਦਿਨਾਂ ਤੋਂ
ਸੀ ਆਈ ਡੀ ਪਿੱਛੇ ਲੱਗੀ
ਉਸ ਦੇ ਕਈ ਦਿਨਾਂ ਤੋਂ।
ਗੋਰੀ ਪੁਲਸ ਨੇ ਉਸ ਦੇ ਉੱਤੇ
ਕਤਲ ਦਾ ਦੋਸ਼ ਲਗਾਇਆ
ਫਿਰ ਵੀ ਨਹੀਂ ਸਰਦਾਰ ਭਗਤ ਸਿੰਘ
ਭੋਰਾ ਵੀ ਘਬਰਾਇਆ।
ਉਸ ਦੇ ਬਾਪੂ ਤੇ ਮਿੱਤਰਾਂ ਨੇ
ਭੱਜ ਦੌੜ ਸੀ ਕੀਤੀ
ਹਾਈ ਕੋਰਟ ਵਿਚ ਜਾ ਕੇ ਉਹਨਾਂ
ਮਸਾਂ ਜ਼ਮਾਨਤ ਲੀਤੀ।
ਇੰਦਾਂ ਹੋਈ ਭਗਤ ਸਿੰਘ ਦੀ
ਪਹਿਲੀ ਗ੍ਰਿਫਤਾਰੀ।
ਲਗਦੈ ਗੋਰਿਆਂ ਨੇ ਜਿੱਤਣ ਤੋਂ
ਪਹਿਲਾਂ ਬਾਜ਼ੀ ਹਾਰੀ।
✵


## ਬੰਬ ਬਨੌਣ ਦੀ ਟਰੇਨਿੰਗ

(1928)

ਸੰਨ ਸੀ ਉਨੀਂ ਸੌ ਅਠਾਈ
ਭਗਤ ਸਿੰਘ ਆਇਆ ਸੀ ਕਲਕੱਤੇ
ਉੱਥੇ ਬੰਬ ਬਨਾਵਣ ਦੇ
ਸਭ ਦੇ ਹੋਏ ਇਰਾਦੇ ਪੱਕੇ।
ਉੱਥੇ ਜੇ ਐਨ ਦਾਸ ਨੇ
ਫੋਨੈਂਦਰ ਨਾਲ ਪਲਾਨ ਬਣਾਇਆ
ਕੱਢ ਕੇ ਨੋਟ ਪੰਜਾਹਾਂ ਦਾ
ਭਗਤ ਨੇ ਉਸਦੇ ਹੱਥ ਫੜਾਇਆ।
ਰਲ ਕੇ ਨਾਲ ਤਿਵਾੜੀ ਦੇ
ਕੈਮਿਸਟ ਸ਼ਾਪਾਂ ਉੱਤੇ ਧਾਏ
ਜੁਦੀਆਂ ਜੁਦੀਆਂ  ਥਾਵਾਂ ਤੋਂ
ਕੱਚਾ ਮਾਲ  ਖਰੀਦ ਕੇ ਲਿਆਏ
ਭਗਤ ਸਿੰਘ ਆਪ ਲਾਹੌਰ ਤੋਂ
ਲੈ ਕੇ ਆਇਆ ਬੰਬ ਦੇ ਖੋਲ
ਨਕਲੀ ਨਾਂ ਵੀ ਰੱਖੇ ਸੀ
ਤਾਂ ਕਿ ਖੁਲ ਨਾ ਜਾਵੇ ਪੋਲ।
ਪੂਰੀ ਹੋਈ ਟਰੇਂਨਿੰਗ ਤਾਂ
ਚੱਲ ਕੇ ਝਾਂਸੀ ਆ ਗਏ ਸਾਰੇ
ਬਹਿ  ਕੇ ਬਹਿਸਾਂ ਕਰਦੇ ਸੀ
ਕਰਦੇ ਟਿੱਚਰਾਂ ਲੈਣ ਨਜ਼ਾਰੇ।
ਬਾਹਰ ਸੁੰਨੀਂ ਥਾਂ ਤੇ ਜਾ ਕੇ
ਭਗਤ ਨੇ ਬੰਬ ਸੀ ਇਕ ਫਟਾਇਆ
ਠਾਅ ਦੀ ਵਾਜ ਆਈ ਤਾਂ



ਭਜਦਾ ਭਜਦਾ ਵਾਪਸ ਆਇਆ
ਬਾਗੀ ਕੱਠੇ ਹੋ ਕੇ ਜੀ
ਬਹਿ ਕੇ ਲੱਗੇ ਘੜਣ ਸਕੀਮਾਂ
ਅੱਗੇ ਹੋਰ ਵੀ ਦੱਸਾਂਗਾ
ਜੋਗੀ ਕਿਵੇਂ ਵਜਾਉਂਦੇ ਬੀਨਾਂ।
✵





## ਸ਼ੇਰੇ ਪੰਜਾਬ ਦਾ ਅਕਾਲ ਚਲਾਣਾ

(17.11.1928)

ਦਿਨ ਸੀ ਤੀਹ ਅਕਤੂਬਰ ਦਾ
ਸਾਈਮਨ ਕਮੀਸ਼ਨ ਲਾਹੌਰ ਚ ਆਇਆ
ਓਦੋਂ ਕੋਈ ਨਹੀਂ ਜਾਣਦਾ ਸੀ
ਕੀਹਦੇ ਉੱਤੇ ਮੌਤ ਦਾ ਸਾਇਆ।
ਲਾਲਾ ਲਾਜਪੱਤ ਰਾਏ ਨੇ
ਸਾਹਮਣੇ ਕੀਤੇ ਕਾਲੇ ਝੰਡੇ
ਐਸ ਪੀ ਪੁਲਸ "ਸਕੌਟ" ਨੇ
ਮਾਰਨੇ ਚਾਲੂ ਕੀਤੇ ਡੰਡੇ।
ਲਾਠੀ ਲਾਜਪਤ ਰਾਏ ਦੀ
ਛਾਤੀ ਉੱਤੇ ਵੀ ਇਕ ਵੱਜੀ
ਫਿਰ ਵੀ ਡੰਡੇ ਚਲਦੇ ਰਹੇ
ਗੋਰੀ ਪੁਲਸ ਨਾ ਬਿਲਕੁਲ ਰੱਜੀ।
ਲਾਲਾ  ਲਾਜਪੱਤ ਰਾਏ ਨੇ
ਓਦੋਂ ਛੱਡੀ ਸੀ ਲਲਕਾਰ
ਕੱਲੀ ਕੱਲ਼ੀ ਲਾਠੀ ਦਾ
ਗੋਰਿਓ ਮਹਿੰਗਾ ਪੈਣਾ ਵਾਰ।
ਮੇਰੇ ਦੇਸ਼ ਦੇ ਲੋਕਾਂ ਨੇ
ਹੁਣ ਨਹੀਂ ਦੇਣੀ ਥੋਨੂੰ ਢਿੱਲ
ਲਾਠੀ ਸਾਬਤ ਹੋਊਗੀ
ਥੋਡੇ ਕਫਨ ਚ ਆਖਰੀ ਕਿੱਲ।
✵






## ਸਾਂਡਰਸ ਦਾ ਕਤਲ

(17.12.1928)

ਸਾਡੇ ਬਾਗੀ ਮੁੰਡਿਆਂ ਨੇ
ਬਹਿ ਕੇ ਕੀਤੀਆਂ ਖ਼ੂਬ ਸਲਾਹਾਂ
ਕੱਲਾ ਕੱਲਾ ਕਹਿੰਦਾ ਸੀ
ਕਿ ਮੈਂ ਭਾਜੀ ਮੋੜ ਕੇ ਆਵਾਂ
ਐਸ ਪੀ ਪੁਲਸ "ਸਕੌਟ" ਨੇ
ਸਾਡੀ ਸ਼ਾਨ ਤੇ ਕੀਤਾ ਹਮਲਾ
ਲਾਲਾ ਜੀ ਦੀ ਮੌਤ ਦਾ
ਹੁਣ ਤਾਂ ਲੈ ਕੇ ਰਹਿਣਾ ਬਦਲਾ।
ਪੰਡਤ ਜੀ ਵੀ ਹੋ ਗਿਆ ਸੀ
"ਭਗਤ" ਤੇ ਰਾਜ ਗੁਰੂ ਦੇ ਨਾਲ
ਬਾਗੀ ਫੌਜ ਦਾ ਮੋਹਰੀ ਸੀ
ਸੀਨੀਅਰ ਸਾਥੀ ਜੈ ਗੁਪਾਲ।
ਪੰਡਤ ਜੀ ਕੋਲ ਮੌਜ਼ਰ ਸੀ
ਰਿਵਾਲਵਰ ਰਾਜ ਗੁਰੂ ਦੇ ਕੋਲ
ਭਗਤ ਸਿੰਘ ਨੇ ਰੱਖਿਆ ਸੀ
ਆਪਣੇ ਕੋਲ ਇਕ ਪਿਸਤੌਲ।
ਚੱਲੇ ਸਾਇਕਲਾਂ ਉੱਤੇ ਸੀ
ਮਾਰਨ ਐਸ ਪੀ ਪੁਲਸ "ਸਕੌਟ"
ਗੋਲੀ ਉੱਤੇ ਲਿਖੀ ਸੀ
ਲੇਕਿਨ ਕਿਸੇ ਹੋਰ ਦੀ ਮੌਤ।
ਇਕ ਅੰਗਰੇਜ਼ ਆਇਆ ਸੀ
ਪੁਲਸ ਦੇ ਦਫਤਰ ਵਿੱਚੋਂ ਬਾਹਰ
ਉਸ ਨੂੰ ਗੋਲੀ ਮਾਰੀ ਤੇ
ਛੱਡੀ ਰਾਜ ਗੁਰੂ ਲਲਕਾਰ।

ਅਸਲ ਵਿੱਚ ਏ ਐਸ ਪੀ ਸੀ
ਜਿਹੜਾ ਗੋਲੀ ਖਾ ਕੇ ਡਿੱਗਾ
ਪੂਰੀ ਤਰ੍ਹਾਂ ਨਹੀਂ ਮਰਿਆ ਸੀ
ਹੋਈ  ਜਾਵੇ ਮੂਧਾ ਸਿੱਧਾ।
ਉਸ ਨੂੰ ਜੀਂਦਾ ਵੇਖ ਕੇ
ਭਗਤ ਸਿੰਘ ਭੱਜ ਕੇ ਆਇਆ ਕੋਲ
ਉਸ ਦੀ ਛਾਤੀ ਤੇ ਰੱਖ ਕੇ
ਖਾਲੀ ਕਰ ਦਿੱਤੀ ਪਿਸਤੌਲ।
ਗੋਰਾ ਸਾਂਡਰਸ ਮਰ ਗਿਆ ਸੀ
ਖਾ ਕੇ ਸਕੌਟ ਦੇ ਨਾ ਦੀ ਗੋਲੀ
ਖੇਡੀ ਪਹਿਲੀ ਵਾਰੀ ਸੀ
ਦੇਸ਼ ਦੇ ਭਗਤਾਂ ਖ਼ੂਨ ਦੀ ਹੋਲੀ।
✵



## ਇਤਿਹਾਸਕ ਪਰਚਾ-1
(18.12.1928)

ਸਾਡੇ ਦੇਸ਼ ਦੀ ਇਜ਼ਤ ਨੂੰ
ਜਿਹੜੀ ਪੁਲਸ ਨੇ ਹੱਥ ਸੀ ਪਾਇਆ
ਉਹਦੇ ਅਫਸਰ ਸਾਂਡਰਸ ਨੂੰ
ਮਾਰ ਕੇ ਬਦਲਾ ਅਸੀਂ ਚੁਕਾਇਆ।

ਬੇਸ਼ਕ ਬੰਦੇ ਮਾਰਨ ਦੀ
ਸਾਨੂੰ ਖ਼ੁਸ਼ੀ ਨਹੀਂ ਹੈ ਕੋਈ
ਵੇਦੀ ਇਨਕਲਾਬ ਦੀ
ਜਾਂਦੀ ਖ਼ੂਨ ਨਾਲ ਹੀ ਧੋਈ।

ਕਹਿੰਦੇ ਹਾਂ ਅਸੀਂ ਦੁਨੀਆਂ ਨੂੰ
ਸਾਨੂੰ ਮੁਰਦਾ ਕੌਮ ਨਾ ਜਾਣੋ
ਸਾਡੇ ਖ਼ੂਨ ਚ ਗਰਮੀ ਹੈ
ਕੌੜੇ ਸੱਚ ਨੂੰ ਤੁਸੀਂ ਪਛਾਣੋ।

ਪੂਰੇ ਭਾਰਤ ਦੀ ਜਨਤਾ
ਜਿਸਨੂੰ ਕਰਦੀ ਬਹੁਤ ਪਿਆਰ
ਥੋਡੀ ਪੁਲਸ ਨੇ ਉਹਦੇ ਤੇ
ਕੀਤਾ ਲਾਠੀ ਦੇ ਨਾਲ ਵਾਰ।

ਹਰ ਮਨ ਪਿਆਰੇ ਨੇਤਾ ਨੂੰ
ਦਿੱਤਾ ਬੇ-ਰਹਿਮੀ ਨਾਲ ਮਾਰ
ਥੋਡਾ ਰੱਖ ਨਹੀਂ ਸਕਦੇ ਸੀ
ਐਡਾ ਵੱਡਾ ਅਸੀਂ ਉਧਾਰ।





ਸੱਭ ਤੋਂ ਜਾਲਮ ਦੁਨੀਆਂ ਦੀ
ਥੋਡੀ ਇੰਗਲੈਂਡ ਦੀ ਸਰਕਾਰ
ਉਹ ਵੀ ਸੀ ਇੰਗਲੈਂਡ ਦਾ ਨੌਕਰ
ਜਿਸ ਨੂੰ ਦਿੱਤਾ ਹੈ ਅਸੀਂ ਮਾਰ।

ਅਸੀਂ ਇਸ ਗੱਲ ਨੂੰ ਮੰਨਦੇ ਹਾਂ
ਸਾਡੇ ਕੋਲ ਨਹੀਂ ਹਥਿਆਰ
ਤਖਤਾ ਪਲਟ ਨਹੀਂ ਸਕਦੇ
ਥੋੜੇ ਜਿਹੇ ਪਿਸਤੌਲਾਂ ਨਾਲ।
ਥੋੜੇ ਜਿਹੇ ਪਿਸਤੌਲਾਂ ਨੂੰ ਵੀ
ਪੂਰੀ ਹਿੰਮਤ ਨਾਲ ਚਲਾਈਏ
ਤਾਂ ਜੋ ਦੇਸ਼ ਦੀ ਇਜ਼ਤ ਨੂੰ
ਗੋਰੇ ਹਾਕਮਾਂ ਕੋਲੋਂ ਬਚਾਈਏ।

ਬੇਸ਼ਕ ਸਾਡੇ ਆਪਣੇ ਵੀ
ਸਾਡੀ ਨੁਕਤਾ ਚੀਨੀ ਕਰਦੇ
ਫਿਰ ਵੀ ਜ਼ੁਲਮ ਤੇ ਜੱਬਰ ਤੋਂ
ਕਰਾਂਤੀਕਾਰੀ ਨਹੀਓਂ ਡਰਦੇ।

ਕਰ ਦਰਕਾਰ ਵਿਰੋਧਾਂ ਨੂੰ
ਜੱਬਰ ਅਤੇ ਜ਼ੁਲਮ ਨੂੰ ਸਹਿ ਕੇ
ਫਾਂਸੀ 'ਤੇ ਵੀ ਚੜ੍ਹ ਜਾਂਗੇ
ਇਨਕਲਾਬ ਜਿੰਦਾਬਾਦ ਕਹਿ ਕੇ।
✵

## ਅਸੈਂਬਲੀ ਵਿੱਚ ਵਿਸਫੋਟ

(ਮਿਤੀ: 8.4.1929)

ਅੱਜ ਤਾਂ ਦਿਨ ਸੀ ਭਾਣੇ ਦਾ
ਦਿਨ ਦੇ ਸਾਢੇ ਬਾਰਾਂ ਵੱਜੇ
ਇਨਕਲਾਬ ਜਿੰਦਾਬਾਦ ਨਾਹਰੇ
ਵਿੱਚ ਅਸੈਂਬਲੀ ਲੱਗੇ।
ਨੀਲਾ ਧੂੰਆਂ ਫੈਲ ਗਿਆ
ਉੱਤੋ ਤ੍ਰੁੱਤੀ ਬੰਬ ਸੀ ਵੱਜੇ
"ਸਾਮਰਾਜ ਮੁਰਦਾਬਾਦ"
ਨਾਹਰਾ ਭਗਤ ਸਿੰਘ ਨੇ ਲਾਇਆ
"ਇਨਕਲਾਬ ਜਿੰਦਾਬਾਦ"
ਅੱਗੋਂ ਬੀ ਕੇ ਦੱਤ ਚਿਲਾਇਆ।
ਸ਼ੇਰ ਗੱਜੀ ਜਾਂਦੇ ਸੀ
ਨਾਹਰੇ ਵੱਜੀ ਜਾਂਦੇ ਸੀ
ਗੋਰੇ ਭੱਜੀ ਜਾਂਦੇ ਸੀ।
ਓਥੇ ਖੜ ਕੇ ਸ਼ੇਰਾਂ ਨੇ
ਖੁਲ੍ਹ ਕੇ ਪਰਚੇ ਵੰਡੇ ਸੀ।
ਗੋਰੇ ਅੰਦਰੋਂ ਹਿਲ ਗਏ ਸੀ
ਦਿੱਲੀ ਲੰਦਨ ਕੰਬੇ ਸੀ।
ਹਫੜਾ ਦਫੜੀ ਮੱਚ ਗਈ ਸੀ
ਸਾਡੇ ਸ਼ੇਰ ਨਾ ਫਿਰ ਵੀ ਭੱਜੇ
ਲਾ ਲਓ ਸਾਨੂੰ ਹੱਥਕੜੀਆਂ
ਖੜ ਕੇ ਸ਼ੇਰ ਭਗਤ ਸਿੰਘ ਗੱਜੇ
ਹਿੰਮਤ ਫੜਣ ਦੀ ਆਵੇ ਨਾ
ਗੋਰੇ ਵੇਖਣ ਸੱਜੇ ਖੱਬੇ।
ਸਾਡੇ ਸ਼ੇਰ ਆਪੇ ਹੀ
ਨਾਹਰੇ ਲਾਉਂਦੇ ਤੁਰ ਪਏ ਅੱਗੇ।

✴



## ਇਤਿਹਾਸਕ ਪਰਚਾ-2

(8.4.1929)

ਅਸੀਂ ਅੱਜ ਉੱਚਾ ਨਾਹਰਾ ਲਾਇਆ
ਕੇਵਲ ਬੋਲਿਆਂ ਤਾਈਂ ਸੁਣਾਇਆ
ਤੁਸੀਂ ਜੋ ਮਾਰਿਆ ਸ਼ੇਰੇ ਪੰਜਾਬ
ਥੋਨੂੰ ਦਿੱਤਾ ਅਸੀਂ ਜਵਾਬ।
ਬੰਦੇ ਬੇਸ਼ਕ ਦੇਵੋ ਮਾਰ
ਪਰ ਨਹੀਂ ਮਰਦੇ ਕਦੇ ਵਿਚਾਰ
ਤੇਰੇ ਦੋਵੇਂ ਕਾਲੇ ਬਿੱਲ*
ਦਿੱਤੇ ਧੂੰਏਂ ਵਿੱਚ ਉੜਾ
ਤੇਰਾ ਤੀਜਾ ਕਾਲਾ ਬਿੱਲ**
ਗੋਰਿਆ ਪਿਛੇ ਪੈ ਗਿਆ
ਅਸੀਂ ਅੱਜ ਫੋਕਾ ਬੰਬ ਚਲਾ ਕੇ
ਗੋਰਿਆ ਤੈਨੂੰ ਦਿੱਤਾ ਵਿਖਾ।
ਅਸੀਂ ਅੱਜ ਤੈਨੂੰ ਕਹਿੰਦੇ ਹਾਂ
ਕਰਨਾ ਸ਼ੋਸ਼ਣ ਮੁਕਤ ਸਮਾਜ
ਆਜ਼ਾਦੀ ਲੈ ਕੇ ਛੱਡਾਂਗੇ
"ਇਨਕਲਾਬ ਜ਼ਿੰਦਾਬਾਦ।"

✴

* ਟਰੇਡ ਡਿਸਪਿਯੂਟ ਬਿੱਲ
ਅਤੇ ਪਬਲਿਕ ਸੇਫਟੀ ਬਿੱਲ

** ਪਰੈਸ ਸੈਡੀਸ਼ਨ ਬਿੱਲ





## ਜੇਲ੍ਹ ਚੋਂ ਬਾਪੂ ਕਿਸ਼ਨ ਸਿੰਘ ਨੂੰ ਚਿੱਠੀ

(26.4.1929)

ਨਮਸਕਾਰ ਬਾਪੂ ਜੀ
ਮੇਰੇ ਵੱਲੋਂ ਨਮਸਕਾਰ
ਸੱਚੀਂ ਕਹਿਨਾ ਬਾਪੂ ਜੀ
ਮੇਰਾ ਠੀਕ ਠਾਕ ਹੈ ਹਾਲ।

ਹਵਾਲਾਤ ਦੇ ਅੰਦਰ ਵੀ
ਕੋਈ ਨਹੀਂ ਕਰਦਾ ਮੈਨੂੰ ਤੰਗ
ਮੈਨੂੰ ਕੁਝ ਵੀ ਨਹੀਂ ਕਹਿੰਦੇ
ਬੇਸ਼ਕ ਜੇਲ੍ਹ ਚ ਰਖਦੇ ਬੰਦ।

ਮੇਰੀ ਖਾਤਰ ਬਾਪੂ ਜੀ
ਤੁਸੀਂ ਨਾ ਕਰਿਓ ਕੋਈ ਵਕੀਲ
ਮੇਰੀ ਜਾਨ ਬਚਾਵਣ ਲਈ
ਮੈਂ ਨਹੀਂ ਦੇਣੀਂ ਕੋਈ ਦਲੀਲ।

ਮੈਂ ਤਾਂ ਕੋਰਟ ਕਚਹਿਰੀ ਨੂੰ
ਵਰਤਣਾ ਵਾਂਗੂੰ ਇਕ ਹਥਿਆਰ
ਮੈਂ ਤਾਂ ਚਾਹੁਨਾ ਬਾਪੂ ਜੀ
ਮੇਰੇ ਸਮਝਣ ਲੋਕ ਵਿਚਾਰ।

ਮਈ ਦੀ ਸੱਤ ਤਾਰੀਖ ਤੋਂ
ਮੇਰੇ ਉੱਤੇ ਕੇਸ ਚਲਾਉਣਾ
ਇੱਕ ਮਹੀਨੇ ਅੰਦਰ ਹੀ
ਇਹਨਾ ਪੂਰਾ ਖੇਲ ਮਕਾਉਣਾ

ਵੈਸੇ ਜੱਦ ਵੀ ਬਾਪੂ ਜੀ
ਮੈਨੂੰ ਆ ਕੇ ਮਿਲਣਾ ਚਾਹੋ
ਥੋਨੂੰ ਕੋਈ ਨਹੀਂ ਰੋਕੂਗਾ
ਮੈਨੂੰ ਪਹਿਲਾਂ ਦੱਸ ਕੇ ਆਓ।

ਮੇਰੀ ਬੇਨਤੀ ਬਾਪੂ ਜੀ
ਜਦ ਵੀ ਮੈਨੂੰ ਮਿਲਣ ਲਈ ਆਉਣਾ
ਮੇਰੀ ਮਾਂ ਦਾ ਦਿੱਲ ਥੋੜਾ
ਉਹਨੂੰ ਨਾਲ ਨਾਂ ਲੈ ਕੇ ਆਉਣਾ।
ਮੈਨੂੰ ਘਰ ਦਾ ਹਾਲ ਵੀ
ਆਪਣੇ ਮੂਹੋਂ ਤੁਸੀਂ ਸੁਣਾਉਣਾ
ਜੀਵਨ-ਕਥਾ ਨੈਪੋਲਿਅਨ ਦੀ
ਆਪਣੇ ਨਾਲ ਜ਼ਰੂਰ ਲਿਆਉਣਾ।
ਬੇਸ਼ਕ ਲਾਇਬਰੇਰੀ ਚੋਂ
ਅੱਛੇ ਨਾਵਲ ਫੜੀ ਲਿਔਣਾ।

ਮਾਤਾ ਜੀ ਤੇ ਚਾਚੀ ਜੀ ਨੂੰ
ਮੇਰੇ ਵੱਲੋਂ ਹੈ ਸਤਿਕਾਰ
ਦਾਦੀ ਜੀ ਦੇ ਚਰਨਾਂ ਵਿੱਚ
ਮੇਰੀ ਸਾਦਰ ਨਮਸਕਾਰ।

ਬਾਪੂ ਪੁਛਣਾ ਚਾਹੁੰਦਾ ਹਾਂ
ਦੋਨਾ ਵੀਰਾਂ ਦਾ ਮੈਂ ਹਾਲ
ਮੇਰੇ ਵੱਲੋਂ ਦੋਹਾਂ ਨੂੰ ਹੀ
ਮੇਰੀ ਨਿੱਘੀ ਨਮਸਕਾਰ।
✵



## ਦੋਸ਼ਾਂ ਦਾ ਜਵਾਬ

(6.6.1929)


ਕੋਰਟ ਸਾਨੂੰ ਪੁੱਛਦੀ ਹੈ
ਦੱਸੋ ਕੀ ਤੁਸੀਂ ਬੰਬ ਚਲਾਇਐ ?
ਹਾਂ ਜੀ ਹਾਂ ਅਸੀਂ ਕਹਿੰਦੇ ਹਾਂ
ਆਪਣੇ ਹੱਥੀਂ ਬੰਬ ਚਲਾਇਐ।

ਅਗਲੀ ਗੱਲ ਵੀ ਦੱਸਦੇ ਹਾਂ
ਕਿਹੜੀ ਗੱਲੋਂ ਬੰਬ ਚਲਾਇਐ
ਖੁਲ੍ਹ ਕੇ ਗੱਲਾਂ ਕਰਨੇ ਦਾ
ਵੇਲਾ ਮਸਾਂ ਹੀ ਹੱਥ 'ਚ ਆਇਐ।

ਇਕ ਵੀ ਬੰਦਾ ਮਾਰਨ ਦਾ
ਸਾਡਾ ਨਹੀਂ ਸੀ ਕੋਈ ਇਰਾਦਾ
ਲਾਰਡ ਇਰਵਨ ਵੀ ਮੰਨਦਾ
ਸਾਡੀ ਇਹੋ ਗੱਲ ਬਕਾਇਦਾ।

ਇਨਕਲਾਬੀ ਚਾਹੁੰਦੇ ਨੇ
ਗੰਦੇ ਸਿਸਟਮ ਨੂੰ ਬਦਲਾਉਣਾ।
ਲੋਟੂ ਢਾਣੇ ਕੋਲੋਂ ਖੋਹ ਕੇ
ਸਿਸਟਮ ਕਾਮਿਆਂ ਹੱਥ ਫੜਾਉਣਾ ।

ਸਾਡਾ ਮਕਸਦ ਇਹ ਵੀ ਹੈ
ਬੋਲੇ ਕੰਨਾਂ ਤਾਈਂ ਸੁਨਾਉਣਾ
ਵਾਹੋ ਦਾਹੀ ਦੌੜਦਿਆਂ ਨੂੰ
ਝੰਡਾ ਲਾਲੋ ਲਾਲ ਵਿਖਾਉਣਾ।






ਦਸਵੇਂ ਗੁਰੂ ਦੀ ਸਿੱਖਿਆ ਦਾ
ਪੂਰਾ ਪਾਲਣ ਕਰਦੇ ਹਾਂ
ਸ਼ਿਵਾ ਜੀ ਮਰਹੱਟੇ ਤੋਂ ਵੀ
ਅਗਨੀਂ ਲੈ ਕੇ ਬਲਦੇ ਹਾਂ।

ਲੈਨਨ ਦੇ ਅਸੂਲਾਂ ਤੋਂ ਵੀ
ਸ਼ਕਤੀ ਲੈ ਕੇ ਜੀਂਦੇ ਹਾਂ
ਹੋਰ ਵੀ ਕਈ ਵਿਦਵਾਨਾ ਤੋਂ
ਜਨਮ ਦੀ ਘੁੱਟੀ ਪੀਂਦੇ ਹਾਂ।

ਇਨਕਲਾਬ ਲਿਆਉਣਾ ਹੈ
ਸਾਡਾ ਜੀਵਨ ਸਿੱਧ ਅਧਿਕਾਰ
ਕਰਾਂਤੀਕਾਰੀ ਜ਼ੁਲਮ ਤੇ
ਜੱਬਰ ਝੱਲਣ ਲਈ ਤਿਆਰ।

ਇਨਕਲਾਬ ਜ਼ਿੰਦਾਬਾਦ
ਸਾਡਾ ਸਾਰਿਆਂ ਦਾ ਹੀ ਕਹਿਣਾ
ਜੱਦ ਤੱਕ ਹਾਸਲ ਨਹੀਂ ਹੁੰਦਾ
ਅਸੀਂ ਤਾਂ ਸਿਰ ਕਟਵਾਉਂਦੇ ਰਹਿਣਾ।






## ਬੰਬ ਕਾਂਡ ਦਾ ਫੈਸਲਾ

(12.6.1929)

ਛੇ ਜੂਨ ਨੂੰ ਯੋਧਿਆਂ ਨੇ
ਆਪਣਾ ਬਿਆਨ ਸੀ ਦਰਜ ਕਰਾਇਆ
ਚਾਰ ਦਿਨਾ ਦੇ ਵਿਚ ਜੱਜਾਂ ਨੇ
ਪੂਰਾ ਕੇਸ ਮੁਕਾਇਆ।

ਬਾਰਾਂ ਜੂਨ ਨੂੰ ਕੋਰਟ ਨੇ
ਆਪਣਾ ਲਿਖਤੀ ਹੁਕਮ ਸੁਣਾਇਆ।
ਉਮਰ ਦੀ ਕੈਦ ਸੁਣਾ ਕੇ ਹੀ
ਵੱਡਾ ਜੱਜ ਸੀਗਾ ਮੁਸਕਾਇਆ।

ਦਿੱਲੀਓਂ ਚਲਣ ਤੋਂ ਪਹਿਲਾਂ
ਬਾਗੀਆਂ ਦਿੱਤਾ ਵਿੱਚ ਅਖਬਾਰਾਂ
ਜਿਹੜੀ ਜੇਹਲ ਚ ਜਾਵਾਂਗੇ
ਓਥੇ ਕਰਾਂਗੇ ਭੁਖ ਹੜਤਾਲਾਂ।

ਕੁਝ ਨੂੰ ਮੀਆਂ ਵਾਲੀ ਤੇ
ਕੁਝ ਨੂੰ ਲਾਹੌਰ ਲੈ ਕੇ ਆਏ
ਜੇਹਲ ਦੇ ਅੰਦਰ ਵੜਦਿਆਂ ਹੀ
ਕੈਦੀ ਪੂਰੇ ਜੋਸ਼ ਚ ਆਏ।

ਭਗਤ ਸਿੰਘ ਨੇ ਜੇਹਲ ਦੇ ਅੰਦਰੋਂ
ਗੋਟੀ ਇਕ ਚਲਾਈ
ਸੋਚ ਸਮਝ ਕੇ ਆਈ ਜੀ ਨੂੰ
ਉਸ ਨੇ ਚਿੱਠੀ ਪਾਈ

ਮੈਂ ਤਾਂ ਸਿਆਸੀ ਕੈਦੀ ਹਾਂ
ਮੈਂ ਨਹੀਂ ਕੋਈ ਆਮ ਅਪਰਾਧੀ
ਸਿਆਸੀ ਕੈਦੀਆਂ ਦੇ ਵਾਂਗਰ ਹੀ
ਗੋਰਿਓ ਖਾਤਰ ਕਰੋ ਅਸਾਡੀ।

ਪੱਚੀ ਜੂਨ ਨੂੰ ਆਈ ਜੀ ਨੇ
ਉਸ ਨੂੰ ਆਪਣਾਂ ਹੁਕਮ ਸੁਣਾਇਆ
ਮੀਆਂਵਾਲੀ ਜੇਲ੍ਹ ਚੋਂ ਕੱਢ ਕੇ
ਲਾਹੌਰ ਜੇਲ੍ਹ ਵਿੱਚ ਪਾਇਆ।

ਲਾਹੌਰ ਸ਼ਹਿਰ ਦੇ ਅੰਦਰ ਹੀ
ਜੇਹਲਾਂ ਵਿੱਚ ਸੀ ਕੱਠੇ ਸਾਰੇ
ਰਾਜ ਗੁਰੂ ਸੁਖਦੇਵ ਸੀ
ਐਪਰ ਵੱਖਰੀ ਜੇਹਲ ਚ ਤਾੜੇ।

ਸਾਰੇ ਕਰਾਂਤੀਕਾਰੀ ਹੀ ਓਥੇ
ਭੁਖ ਹੜਤਾਲ ਤੇ ਰਹਿੰਦੇ
ਲਿਖਦੇ ਪੜ੍ਹਦੇ ਟਿੱਚਰਾਂ ਕਰਦੇ
ਨੱਚਦੇ ਗੌਂਦੇ ਰਹਿੰਦੇ।

ਇਸ ਤੋਂ ਅੱਗੇ ਜੋ ਹੋਇਆ
ਉਹ ਹੈ ਸਚਮੁਚ ਅਮਰ ਕਹਾਣੀ
ਮੈਨੂੰ ਮਾਣ ਹੈ ਮਾਲਕ ਤੇ
ਮੇਰੇ ਮੂੰਹੋਂ ਦੱਸੀ ਜਾਣੀਂ।
✯



## ਮਜਿਸਟਰੇਟ ਮੂਹਰੇ ਮੁਕੱਦਮਾ

(4.10.1929 ਤੋਂ 3.5.1930)

ਜਦ ਵੀ ਵਿੱਚ ਕਚਹਿਰੀ ਆਉਂਦੇ
ਬਾਗੀ ਪੂਰੀ ਰੌਣਕ ਲਾਉਂਦੇ
ਇਨਕਲਾਬ ਜ਼ਿੰਦਾਬਾਦ
ਸਾਰੇ ਖੁਲ੍ਹ ਕੇ ਨਾਹਰੇ ਲਾਉਂਦੇ
ਸਾਮਰਾਜ ਦੀ ਮੁਰਦਾਬਾਦ
ਕਹਿ ਕੇ ਪੂਰੇ ਜੋਸ਼ ਚ ਆਉਂਦੇ।

ਇੱਕ ਦਿਨ ਕਰਾਂਤੀਕਾਰੀਆਂ ਨੇ
ਖੁਲ੍ਹ ਕੇ ਗਾਇਆ ਸੀ ਇਹ ਗਾਣਾ
"ਭਾਰਤ ਵਰਸ਼ ਨਹੀਂ ਰਹਿ ਸਕਦਾ
ਹਰਗਿਜ਼ ਹਰਗਿਜ਼ ਗੁਲਾਮਖਾਨਾ"

ਸੁਭਾਸ਼ ਚੰਦਰ ਬੋਸ ਵੀ
ਇਕ ਦਿਨ ਵਿੱਚ ਕਚਹਿਰੀ ਆਏ
ਬਾਗੀ ਜੋਸ਼ ਚ ਆ ਗਏ ਸੀ
ਉਹਨਾਂ ਰੱਜ ਕੇ ਨਾਹਰੇ ਲਾਏ

ਇੱਕ ਦਿਨ ਜੱਜ ਸਾਹਿਬ ਨੂੰ ਵੀ
ਲੈਣੇ ਦੇ ਸੀ ਪੈ ਗਏ ਦੇਣੇ।
ਰਾਜ ਗੁਰੂ ਨੂੰ ਕਹਿ ਬੈਠਾ
ਦੱਸ ਕੀ ਤੇਰੇ ਨਾ ਦੇ ਮੈਹਨੇਂ ?

ਰਾਜ ਗੁਰੂ ਨੇ ਆਖਿਆ ਸੀ
ਸਰ ਜੀ ਸਹੀ ਸਵਾਲ ਹੈ ਤੇਰਾ
ਰਾਜਿਆਂ ਨੂੰ ਪੜ੍ਹਾਉਣਾ ਹੀ
ਬੇਸ਼ਕ ਇੱਕੋ ਕੰਮ ਹੈ ਮੇਰਾ।

ਕਰਾਂਤੀਕਾਰੀ ਵੀਰਾਂ ਨੇ
ਮੁਕੱਦਮਾ ਪੂਰੀ ਤਰ੍ਹਾਂ ਭੁਨਾਇਆ
ਆਪਣੇ ਗਰਮ ਖਿਆਲਾਂ ਨੂੰ
ਉਹਨਾਂ ਜਨਤਾ ਤਾਈਂ ਪੁਚਾਇਆ।

ਆਖਰੀ ਦਿਨ ਭਗਤ ਸਿੰਘ ਨੇ
ਜੱਜ ਨੂੰ ਇਹ ਵੀ ਕਹਿ ਸੁਣਾਇਆ
ਅੱਜ ਹੈ ਵਿਸ਼ੇਸ਼ ਅਦਾਲਤ ਚ
ਸਾਡੇ ਜਾਣ ਦਾ ਮੌਕਾ ਆਇਆ।

ਬੰਦਾ ਤੂੰ ਪ੍ਰਸ਼ਾਸਨ ਦਾ
ਸਾਡੀ ਜਿਸ ਦੇ ਨਾਲ ਲੜਾਈ
ਤੇਰੇ ਨਾਲ ਦੁਸ਼ਮਣੀ ਨਹੀਂ
ਨਾ ਹੀ ਸਾਡੀ ਰੰਜਸ਼ ਕਾਈ।

ਸਾਡਾ ਵੀਰ ਭਗਤ ਸਿੰਘ ਸੀ
ਬੜਾ ਹੀ ਖੁਲ੍ਹੇ ਦਿਲ ਦਾ ਬੰਦਾ।
ਨਾ ਤਾਂ ਮਾੜਾ ਬੋਲਦਾ ਸੀ
ਨਾ ਉਹ ਕਿਸੇ ਨੂੰ ਆਖੇ ਮੰਦਾ।

ਮੁੱਖ ਮੁਕੱਦਮੇ ਦੇ ਅੰਦਰ ਵੀ
ਆਓ ਝਾਤ ਮਾਰਦੇ ਜਾਈਏ
ਅਮਰ ਸ਼ਹੀਦਾਂ ਦੀ ਕੁਰਬਾਨੀ
ਨੇੜਿਓਂ ਵੇਖ ਕੇ ਆਈਏ।
✵



## ਮੁੱਖ ਮੁਕੱਦਮਾ
(ਲਾਹੌਰ ਸਾਜਿਸ਼ ਕੇਸ-ਸਾਂਡਰਸ -ਵੱਧ)
(10.7.1930-8.10.1930)

ਗੋਰਿਆਂ ਦੀ ਸਰਕਾਰ ਨੇ ਹੁਣ ਸੀ
ਨਵਾਂ ਹੀ ਜਾਲ ਵਿਛਾਇਆ
ਬਾਗੀਆਂ ਤੇ ਮੁਕੱਦਮੇ ਲਈ
ਉਹਨਾਂ ਟਰਬਿਊਨਲ ਵੱਖ ਬਣਾਇਆ।

ਦੋ ਅੰਗਰੇਜ਼ ਜੱਜਾਂ ਨੂੰ ਸੀ
ਉਸ ਦੇ ਵਿੱਚ ਲਗਾਇਆ
ਤੀਸਰਾ ਹਿੰਦੂ ਜੱਜ ਬਣਾ ਕੇ
ਉਹਨਾਂ ਨਾਲ ਬਿਠਾਇਆ।

ਛੇ ਮਹੀਨੇ ਅੰਦਰ ਕੇਸ ਮੁਕਾਉਣ
ਦਾ ਹੁਕਮ ਸੁਣਾਇਆ
ਉੱਲੂ ਜੱਦ ਨਾ ਸਿੱਧਾ ਹੋਇਆ
ਜੱਜਾਂ ਨੂੰ ਬਦਲਾਇਆ।

ਦੋਸ਼ ਦੀ ਸੂਚੀ ਬਾਗੀਆਂ ਨੂੰ ਸੀ
ਜੇਹਲ ਦੇ ਅੰਦਰ ਦਿੱਤੀ
ਬਿਨਾ ਕਚਹਿਰੀ ਵਿੱਚ ਬੁਲਾਏ
ਸ਼ਿਨਾਖਤ ਵੀ ਕਰ ਲੀਤੀ।

ਮੁੜ ਕੇ ਫੇਰ ਹੜਤਾਲਾਂ ਹੋਈਆਂ
ਸ਼ੇਰ ਸੀ ਰਹਿੰਦੇ ਭੁੱਖੇ।
ਕਈ ਵਾਰੀ ਤਾਂ ਗੋਰੀ ਪੁਲਸ ਨੇ
ਬੇਰਹਿਮੀ ਨਾਲ ਕੁੱਟੇ।

ਤਿੰਨ ਮਹੀਨਿਆਂ ਦੇ ਅੰਦਰ ਹੀ
ਪੂਰਾ ਕੇਸ ਮੁਕਾਇਆ।
ਗੈਰਹਾਜ਼ਰੀ ਵੀਰਾਂ  ਦੀ ਵਿੱਚ
ਨਿਰਣਾ ਪੜ੍ਹ ਸੁਣਾਇਆ।

ਰਾਜਗੁਰੂ ਸੁਖਦੇਵ ਭਗ਼ਤ ਨੂੰ
ਮੌਤ ਦੀ ਸਜ਼ਾ ਸੁਣਾਈ
ਬਾਕੀ ਕੁਝ ਵੀਰਾਂ ਦੀ ਝੋਲੀ
ਕੈਦ ਉਮਰ ਦੀ ਪਾਈ।

ਉਮਰ ਕੈਦ ਦੇ ਸਜ਼ਾ-ਯਾਫਤਾ
ਅੰਡੇਮਾਨ  ਨੂੰ ਘੱਲੇ
ਰਾਜਗੁਰੂ ਸੁਖਦੇਵ ਭਗ਼ਤ ਸਿੰਘ
ਲਾਹੌਰ ਚ ਰਹਿ ਗਏ ਕੱਲੇ।
✵



## ਅਮਰ ਯਾਤਰਾ

(9.10.1930-23.3.1931)

ਜੱਜਾਂ ਦੀ ਤਿਕੜੀ ਨੇ ਜਿੱਦਣ
ਮੌਤ ਦੀ ਸਜ਼ਾ ਸੁਣਾਈ।
ਸਾਰੇ ਦੇਸ਼ ਦੇ ਅੰਦਰ ਲੱਗੇ
ਕੋਈ ਹਨੇਰੀ ਆਈ।

ਜਗ੍ਹਾ ਜਗ੍ਹਾ ਤੇ ਦੇਸ਼ ਦੇ ਅੰਦਰ
ਰੋਸ਼ ਮੁਜ਼ਾਹਰੇ ਹੋਏ
ਹਰ ਤਰ੍ਹਾਂ ਦੇ ਲੋਕੀਂ ਵਿੱਚ
ਹੜਤਾਲਾਂ ਸ਼ਾਮਲ ਹੋਏ।

ਹਾਈ ਕੋਰਟ ਦੇ ਅੰਦਰ
ਬਹੁਤੇ ਲੋਕਾਂ ਰਿੱਟਾਂ ਪਾਈਆਂ
ਪਰੀਵੀ ਕੌਂਸਲ ਤੱਕ ਕਈਆਂ ਨੇ
ਪਾਈਆਂ ਖ਼ੂਬ ਦੁਹਾਈਆਂ।

ਵੱਡੇ ਵੱਡੇ ਲੀਡਰਾਂ ਦਿੱਤੀਆਂ
ਵਾਇਸਰਾਏ ਨੂੰ ਤਾਰਾਂ
ਦੇਸ਼ ਦੀ ਜਨਤਾ ਦੇ ਗੁੱਸੇ ਨਾਲ
ਭਰੀਆਂ ਸਨ ਅਖਬਾਰਾਂ।

ਸਤਾਰਾਂ ਫਰਵਰੀ ਨੂੰ ਲੋਕਾਂ ਨੇ
ਭਗਤ ਸਿੰਘ ਦਿਵਸ ਮਨਾਇਆ
ਲ਼ੱਖਾਂ ਬੰਦਿਆਂ ਦਾ ਇੱਕ ਰੇਲਾ
ਲ਼ਾਹੌਰ ਸ਼ਹਿਰ ਵਿੱਚ ਆਇਆ
ਗੁੱਸੇ ਦੇ ਵਿੱਚ ਆ ਕੇ ਲੋਕਾਂ

ਉੱਗਰ ਨਾਹਰੇ ਲਾਏ
ਭਾਰਤ ਵਿੱਚੋਂ ਕੋਈ ਅੰਗਰੇਜ਼
ਹੁਣ  ਨਾ ਬਚ ਕੇ ਜਾਏ।

ਤਿੰਨ ਮਾਰਚ ਨੂੰ ਭਗਤ ਸਿੰਘ ਨੂੰ
ਮਿਲਿਆ ਸੀ ਪਰਵਾਰ
ਭਗਤ ਸਿੰਘ ਨੇ ਖ਼ੂਬ ਹਸਾ ਕੇ
ਵਾਪਸ ਭੇਜੇ ਬਾਹਰ।

ਬੋਘਾ ਜਮਾਂਦਾਰ ਸੀ ਜਿਹੜਾ
ਜੇਹਲ ਦੇ ਅੰਦਰ ਰਹਿੰਦਾ
ਭਗਤ ਸਿੰਘ ਸੀ ਅਕਸਰ ਉਸ ਨੂੰ
ਬੇਬੇ ਬੇਬੇ ਕਹਿੰਦਾ।

ਜੇਲ੍ਹਰ ਨੇ ਜਦ ਭਗਤ ਸਿੰਘ ਦੀ
ਆਖਰੀ ਇੱਛਾ ਜਾਣੀ
ਕਹਿੰਦਾ ਮੈਂ ਤਾਂ ਬੇਬੇ ਦੇ ਹੀ
ਹੱਥ ਦੀ ਰੋਟੀ ਖਾਣੀਂ।

ਗੋਰੇ ਜੇਹਲਰ ਨੇ ਭਰ ਦਿੱਤੀ
ਇੱਸ ਇੱਛਾ ਨੂੰ ਹਾਮੀ
ਜਦ ਤੱਕ ਬੇਬੇ ਵਾਪਸ ਆਈ
ਹੋ ਗਈ ਸੀ ਕੁਰਬਾਨੀ।
✵



## ਗੋਰਿਆਂ ਦੀ ਕੋਝੀ ਹਰਕਤ

(23.3.1931–24.3.1931)


ਚੌਵੀ ਮਾਰਚ ਸੁਬਾਹ ਸਵੇਰੇ
ਫਾਂਸੀ ਦਿੱਤੀ ਜਾਣੀ ਸੀ
ਕਾਲੇ ਦਿਲ ਦੇ ਗੋਰਿਆਂ ਨੇ
ਕੁਛ ਹੋਰ ਕਰਨ ਦੀ ਠਾਣੀਂ ਸੀ।

ਸਾਡੇ ਬੱਬਰ ਸ਼ੇਰਾਂ ਦੇ ਨਾਲ
ਬੇਵਫਾਈ ਕੀਤੀ
ਤੇਈ ਮਾਰਚ ਸ਼ਾਮ ਨੂੰ ਉਹਨਾਂ ਨੂੰ
ਫਾਂਸੀ ਦੇ ਦਿੱਤੀ।

ਲਾਸ਼ਾਂ ਦੇ ਵੀ ਟੁਕੜੇ ਕੀਤੇ
ਉਹਨਾਂ ਵਾਂਗ ਕਸਾਈਆਂ
ਬੇ-ਅਦਬੀ ਦੇ ਨਾਲ ਲਾਸ਼ਾਂ
ਬੋਰੀਆਂ ਦੇ ਵਿੱਚ ਪਾਈਆਂ।

ਹੁਸੈਨੀ ਵਾਲੇ ਦੇ ਬਾਰਡਰ ਤੇ
ਲਾਸ਼ਾਂ ਲੈ ਕੇ ਆਏ
ਸਾਡੇ ਦੇਸ਼ ਦੇ ਹੀਰੋ ਉਹਨਾਂ
ਪਾ ਕੇ ਤੇਲ ਜਲਾਏ।

ਪਿੱਛਾ ਕਰਦੇ ਕਰਦੇ ਲੋਕੀਂ
ਓਸ ਜਗਾਹ ਤੇ ਆਏ
ਬਚੀਆਂ ਖੁਚੀਆਂ ਲਾਸ਼ਾਂ ਖੋਹ ਕੇ
ਗੋਰੇ ਮਾਰ ਭਜਾਏ।






ਚੌਵੀ ਮਾਰਚ ਸ਼ਾਮ ਨੂੰ ਲੋਕੀਂ
ਲੱਖਾਂ ਦੇ ਵਿੱਚ ਆਏ
ਰਾਜ ਗੁਰੂ ਸੁਖਦੇਵ ਭਗਤ ਦੇ
ਰੱਜਵੇਂ ਨਾਹਰੇ ਲਾਏ।

ਸੇਜਲ ਅੱਖਾਂ ਦੇ ਨਾਲ ਜਨਤਾ
ਫੁਲ ਚੜ੍ਹਾਈ ਜਾਵੇ
ਇਨਕਲਾਬ ਜ਼ਿੰਦਾਬਾਦ
ਨਾਹਰੇ ਲਾਈ ਜਾਵੇ।

ਇੰਗਲੈਂਡ ਨੂੰ ਬੇ-ਅਦਬੀ ਦੀ
ਮਾਫੀ ਮੰਗਣੀ ਚਾਹੀਦੀ
ਸ਼ੀਸ਼ੇ ਵਿੱਚ ਜੜਾ ਕੇ
ਖਟਕੜ-ਕਲਾਂ ਚ ਟੰਗਣੀ ਚਾਹੀਦੀ।

✷

# ਭਗਤ ਸਿੰਘ ਦੀ ਡਾਇਰੀ

ਸੱਚ ਬੋਲਦੀ ਡਾਇਰੀ
ਅੰਗਰੇਜ਼ ਸਾਡਾ ਵੈਰੀ
ਸੱਪ ਵਾਂਗੂੰ ਬੁੱਕਲ ਮਾਰ
ਕੇ ਹੀ ਬਹਿ ਗਿਆ
ਸਾਡੀ ਹੈ ਕਮਜ਼ੋਰੀ
ਅਜੇ ਏਥੇ ਰਹਿ ਗਿਆ।

ਸੱਚ ਬੋਲਦੀ ਡਾਇਰੀ
ਅੰਗਰੇਜ਼ ਸਾਡਾ ਵੈਰੀ
ਗੋਰਿਆਂ ਦਾ ਰਾਜਾ
ਸਾਡਾ ਖੂਨ ਪੀਂਦਾ ਸੀ
ਪੂਰੇ ਦਸ ਲੱਖ ਪੌਂਡ
ਤਨਖਾਹ ਲੈਂਦਾ ਸੀ।

ਸੱਚ ਬੋਲਦੀ ਡਾਇਰੀ
ਅੰਗਰੇਜ਼ ਸਾਡਾ ਵੈਰੀ
ਗੋਰੇ ਏਸੇ ਗੱਲ ਲਈ ਵੀ
ਮਹਾਨ ਹੋ ਗਏ ਸੀ
ਕਿਉਂਕਿ ਰੀਂਗਣ ਵਾਲੇ ਅਸੀਂ
ਇਨਸਾਨ ਹੋ ਗਏ ਸੀ।

ਸੱਚ ਬੋਲਦੀ ਡਾਇਰੀ
ਅੰਗਰੇਜ਼ ਸਾਡਾ ਵੈਰੀ
ਇਹਦੀ ਵਿਦਿਆ ਦੀ ਨੀਤੀ
ਸਾਨੂੰ ਖਾ ਜਾਊਗੀ
ਸਾਨੂੰ ਬਾਬੂ ਤੇ ਕਲਰਕ
ਬਣਾ ਜਾਊਗੀ।



ਸੱਚ ਬੋਲਦੀ ਡਾਇਰੀ
ਅੰਗਰੇਜ਼ ਸਾਡਾ ਵੈਰੀ
ਬੰਬ ਵੀ ਬਨਾਉਣਾ
ਕਰਤੱਵ ਹੁੰਦਾ ਹੈ
ਜਦੋਂ ਦੇਸ਼ ਦੀ ਆਜ਼ਾਦੀ
ਲਈ ਯੱਗ ਹੁੰਦਾ ਹੈ।

ਸੱਚ ਬੋਲਦੀ ਡਾਇਰੀ
ਕੰਮਜ਼ੋਰੀ ਸਾਡੀ ਵੈਰੀ
ਹੈਜ਼ੇ ਤੇ ਪਲੇਗ਼ ਨਾਲ
ਨਹੀਂ ਮਰੀਦਾ
ਦੇਸ਼ ਵਾਸਤੇ ਹੈ
ਬਲੀਦਾਨ ਕਰੀਦਾ।

ਸੱਚ ਬੋਲਦੀ ਡਾਇਰੀ
ਚਲਾਕੀ ਸਾਡੀ ਵੈਰੀ
ਇਨਕਲਾਬ ਵਿੱਚ ਨਹੀਂ
ਚਲਾਕੀ ਕਰੀ ਦੀ
ਨਹੀਉਂ ਲੋਕਾਂ ਨਾਲ
ਲੁਕਣ ਛਪਾਕੀ ਕਰੀ ਦੀ।

ਸੱਚ ਬੋਲਦੀ ਡਾਇਰੀ
ਨੇਤਾ ਵੀ ਸਾਡੇ ਵੈਰੀ
ਦੁਨੀਆਂ ਚ ਜੋ ਕਾਨੂਨ
ਦਾਨ ਹੋਏ ਨੇਂ
ਸਾਰੇ ਇਕ ਦੂਜੇ ਤੋਂ
ਸ਼ੈਤਾਨ ਹੋਏ ਨੇਂ।

ਸੱਚ ਬੋਲਦੀ ਡਾਇਰੀ
ਵਖਰੇਵਾਂ ਸਾਡਾ ਵੈਰੀ
ਕੱਲੇ ਕੱਲੇ ਲੜ ਕੇ
ਸਵਾਦ ਆਉਂਦਾ ਨਹੀਂ
ਪਾਰਟੀ ਤੋਂ ਬਿਨਾ
ਇਨਕਲਾਬ ਆਉਂਦਾ ਨਹੀਂ।

ਸੱਚ ਬੋਲਦੀ ਡਾਇਰੀ
ਗ਼ਫਲਤ ਵੀ ਸਾਡੀ ਵੈਰੀ
ਰਾਜਨੀਤੀ ਵਿੱਚ ਮੌਕਾ
ਨਹੀਂ ਵਿਸਾਰੀ ਦਾ
ਲੋਹਾ ਹੋਵੇ ਗਰਮ
ਤਾਂ ਹਥੌੜਾ ਮਾਰੀਦਾ।

ਸੱਚ ਬੋਲਦੀ ਡਾਇਰੀ
ਸਾਮਰਾਜ ਸਾਡਾ ਵੈਰੀ
ਸਾਮਰਾਜੀਆਂ ਨੇਂ
ਹਿੰਦੁਸਤਾਨ ਲੁੱਟਿਆ
ਛੋਟਾ ਮਜ਼ਦੂਰ
ਤੇ ਕਿਸਾਨ ਲੁਟਿਆ।

ਸੱਚ ਬੋਲਦੀ ਡਾਇਰੀ
ਸਾਮਰਾਜ ਸਾਡਾ ਵੈਰੀ
ਗਰੀਬੀ ਤੇ ਜ਼ੁਲਮ
ਮੌਤ ਨਾਲੋਂ ਮਾੜੇ ਨੇਂ
ਸਿਰ ਕੱਟਿਆਂ ਤਾਂ
ਮੁੱਕਦੇ ਪੁਆੜੇ ਨੇਂ।
✵



## ਆਜ਼ਾਦੀ

(15.8.1947)

ਗਭਰੂ ਜਵਾਨ ਸਾਡਾ ਮੁੱਛ-ਫੁੱਟਿਆ
ਉਹਦੇ ਬਲੀਦਾਨ ਸਾਰਾ ਦੇਸ਼ ਲੁੱਟਿਆ।

ਗੋਰਿਆਂ ਦਾ ਰਾਜ ਜੜ੍ਹ ਤੋਂ ਹਿਲਾ ਗਿਆ
ਕਾਜ ਪੂਰਾ ਕਰ ਅੰਬਰਾਂ ਨੂੰ ਧਾ ਗਿਆ।

ਦੇਸ਼ ਦੀ ਆਜ਼ਾਦੀ ਦੇ ਸੀ ਬੀਜ ਪਾ ਗਿਆ
ਬੜੀ ਛੇਤੀ ਸੰਨ ਸੰਤਾਲੀ ਆ ਗਿਆ।
ਜਾਂਦਾ ਜਾਂਦਾ ਭਾਵੇਂ ਵੰਡੀਆਂ ਵੀ ਪਾ ਗਿਆ।
ਅੱਧੀ ਰਾਤੀਂ ਗੋਰਾ ਇੰਗਲੈਂਡ ਧਾ ਗਿਆ।

ਕਹਿੰਦੇ ਨੌਜਵਾਨ ਹੁਣ ਛਾਤੀ ਠੋਕ ਕੇ
ਪਹਿਰਾ ਸਦਾ ਦੇਵਣਾ ਹੈ ਤੇਰੀ ਸੋਚ ਤੇ।

ਉੱਠੋ ਨੌਜਵਾਨੋਂ ਫੇਰ ਵੇਲਾ ਆ ਗਿਆ
ਅਧ-ਗੋਰੇ ਹਾਕਮਾਂ ਦਾ ਰੇਲਾ ਆ ਗਿਆ
ਕਈਆਂ ਨੇ ਤਾਂ ਗੋਰਿਆਂ ਨੂੰ ਪਿੱਛੇ ਛੱਡ ਤਾ
ਲੁੱਟ ਲੁੱਟ ਦੇਸ਼ ਦਾ ਮਲੀਦਾ ਕੱਢ ਤਾ।

ਲਗਦੈ ਭਗਤ ਸਿੰਘ ਫੇਰ ਆਊਗਾ
ਆਪਣੀ ਲੜਾਈ ਹੁਣ ਸਿਰੇ ਲਾਊਗਾ।
✵

## ਕਰਤਾਰ ਸਿੰਘ ਸਰਾਭਾ

( 24.5.1896 –16.11.1915)

"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਬਹੁਤ ਸੁਖਾਲੀਆਂ ਨੇ
ਜਿਹਨਾਂ ਦੇਸ਼ ਦੀ ਸੇਵਾ ਚ ਪੈਰ ਪਾਇਆ
ਉਹਨਾਂ ਲੱਖ ਮੁਸੀਬਤਾਂ ਘਾਲੀਆਂ ਨੇਂ।"

ਭਗਤ ਸਿੰਘ ਸੀ ਸੱਚਾ ਪੈਰੋਕਾਰ ਸਰਾਭੇ ਦਾ
ਨਾਲੇ ਛੋਟਾ ਭਾਈ ਨਾਲੇ ਯਾਰ ਸਰਾਭੇ ਦਾ।

ਠਾਰਾਂ ਸਾਲ ਦੀ ਉਮਰ ਚ ਵਾਰੀ ਜਾਨ ਸਰਾਭੇ ਨੇ
ਦੇਸ਼ ਦੀ ਖਾਤਰ ਦਿੱਤਾ ਸੀ ਬਲੀਦਾਨ ਸਰਾਭੇ ਨੇ।

ਫੋਟੋ ਵੀਰ ਸਰਾਭੇ ਦਾ ਉਹਨੇ ਦਿੱਲ ਵਿੱਚ ਲਾਇਆ ਸੀ
ਦੂਜਾ ਫੋਟੋ ਪੁਲਸ ਨੇ ਉਸ ਦੇ ਘਰੋਂ ਉਠਾਇਆ ਸੀ।

ਵੱਡੇ ਵੀਰ ਸਰਾਭੇ ਨੂੰ ਉਹ ਦਿਲੋਂ ਧਿਆਉਂਦਾ ਸੀ
ਸ਼ਹੀਦੀ ਦਿਵਸ ਸਰਾਭੇ ਦਾ ਉਹ ਖ਼ੂਬ ਮਨਾਉਂਦਾ ਸੀ।

ਵਿੱਚ ਲਾਹੌਰ ਦੇ ਉਹਨੇ ਇੱਕ ਨੁਮਾਇਸ਼ ਕਰਾਈ ਸੀ
ਫੋਟੋ ਵੀਰ ਸਰਾਭੇ ਦੀ ਸਜਾ ਕੇ ਲਾਈ ਸੀ।

ਹੱਥਾਂ ਚੋਂ ਕੱਢ ਕੇ ਖ਼ੂਨ ਉਸ ਨੂੰ ਤਿਲਕ ਲਗਾਇਆ ਸੀ
ਬਲੀਦਾਨ ਦਿਵਸ ਦੇ ਉੱਤੇ ਵਖਰਾ ਰੰਗ ਚੜ੍ਹਾਇਆ ਸੀ।

ਇਸ ਤਰ੍ਹਾਂ ਸੀ ਕਰਦਾ ਉਹ ਸਤਿਕਾਰ ਸਰਾਭੇ ਦਾ
ਭਗਤ ਸਿੰਘ ਸੀ ਸੱਚਾ ਪੈਰੋਕਾਰ ਸਰਾਭੇ ਦਾ
ਨਾਲੇ ਛੋਟਾ ਭਾਈ ਨਾਲੇ ਯਾਰ ਸਰਾਭੇ ਦਾ।

✵



## ਖਟਕੜ ਕਲ੍ਹਾਂ

ਖਟਕੜ ਕਲਾਂ ਨੂੰ ਜਾਣਾ ਮੈਂ
ਤੇਈ ਮਾਰਚ ਤੜਕੇ ਤੜਕੇ
ਜਿੱਥੇ ਜਾ ਕੇ ਮੁੰਡਿਆਂ ਦਾ
ਡੌਲਾ ਸ਼ੌਲਾ ਆਪੇ ਫੜਕੇ।

ਪੀਲੇ ਰੰਗ ਦੀਆਂ ਚੁੰਨੀਆਂ
ਪੀਲੇ ਰੰਗ ਦੇ ਯਾਰੋ ਪੱਟਕੇ
ਇਨਕਲਾਬ ਜਿੰਦਾਬਾਦ
ਨਾਹਰੇ ਲੱਗਣੇ ਓਥੇ ਡਟ ਕੇ।

ਭਗਤ ਸਿੰਘ ਫਾਂਸੀ ਚੜ੍ਹਿਆ ਸੀ
ਵੱਜੇ ਸਾਮਰਾਜ ਨੂੰ ਝਟਕੇ
ਕਈ ਸਿਆਸਤਦਾਨਾਂ ਦੇ
ਛਾਤੀ ਅੰਦਰ ਸਾਹ ਸੀ ਅਟਕੇ
ਹੁਸੈਨੀ ਵਾਲੇ ਬਾਰਡਰ ਦੇ
ਉਹ ਤਾਂ ਕੋਲ ਵੀ ਨਹੀਂ ਸੀ ਫਟਕੇ
ਲੋਕਾਂ ਤੋੜੇ ਉਹਨਾਂ ਦੇ
ਚੌਕਾਂ ਵਿੱਚ ਖੜੋ ਕੇ ਮਟਕੇ।

ਅੱਜ ਵੀ ਭਾਸ਼ਨ ਦੇਵਣਗੇ
ਨੇਤਾ ਮੰਚ ਦੇ ਉੱਤੇ ਖੜਕੇ
ਆਪਣੇ ਨਾਲ ਲਿਆਵਣਗੇ
ਬੱਸਾਂ ਦੇ ਵਿੱਚ ਬੰਦੇ ਭਰ ਕੇ

ਮੱਥੇ ਉੱਤੇ ਲਾਵਣਗੇ
ਮਿੱਟੀ ਖਟਕੜ ਕਲਾਂ ਦੀ ਚੁੱਕ ਕੇ
ਬੁੱਕੀਂ ਫੁੱਲ ਚੜਾਵਣਗੇ
ਵਾਰੋ ਵਾਰੀ ਸਾਰੇ ਝੁਕ ਕੇ।

ਵਾਰੋ ਵਾਰੀ ਰੁਕ ਜਾਂਦਾ
ਮੈ ਤਾਂ ਇੱਕ ਖਿਆਲ ਦੇ ਅੱਗੇ
ਸ਼ਾਲਾ ਤੇਈ ਮਾਰਚ ਨੂੰ
ਲੀਡਰਾਂ ਉੱਤੇ ਕਰਫਿਊ ਲੱਗੇ
ਕੇਵਲ ਆਮ ਜਨਤਾ ਹੀ
ਖਟਕੜ ਕਲਾਂ ਦੇ ਪਿੰਡ ਚ ਆਵੇ
ਵਾਰੋ ਵਾਰ ਭਗਤ ਸਿੰਘ ਨੂੰ
ਜਨਤਾ ਸ਼ਰਧਾ ਫੁੱਲ ਚੜ੍ਹਾਵੇ।
ਲੰਗਰ ਮਿਲੇ ਕਿਤਾਬਾਂ ਦਾ
ਜੋ ਵੀ ਭਗਤ ਸਿੰਘ ਤੇ ਚਾਹਵੇ
ਝੋਲੀ ਭਰ ਕਿਤਾਬਾਂ ਦੀ
ਹਰ ਕੋਈ ਆਪਣੇ ਘਰ ਨੂੰ ਆਵੇ
ਕੱਲੇ ਕੱਲੇ ਬੱਚੇ ਦੇ
ਭਗਤ ਸਿੰਘ ਦਿਲਾਂ ਦੇ ਅੰਦਰ ਛਾਵੇ
ਅਗਲੀ ਤੇਈ ਮਾਰਚ ਨੂੰ
ਜੋ ਵੀ ਖਟਕੜ ਕਲਾਂ ਚ ਆਵੇ
ਸੜਕੇ ਸੜਕੇ ਚਲਦਾ ਵੀ
ਘੋੜੀ ਭਗਤ ਸਿੰਘ ਦੀ ਗਾਵੇ।



## ਪੰਜਾਬ ਮਾਤਾ ਵਿਦਿਆ ਵਤੀ

ਭਗਤ ਸਿੰਘ ਦੀ ਮਾਤਾ
ਮਾਤਾ ਸੀ ਕੁਲ ਪੰਜਾਬ ਦੀ
ਸਤਲੁਜ ਬਿਆਸ ਰਾਵੀ
ਜੇਹਲਮ ਅਤੇ ਚਨਾਬ ਦੀ।

ਵੰਡੀਆਂ ਦੇ ਵੇਲੇ ਜਿਹੜਾ
ਪਾਕਿਸਤਾਨ ਵਿੱਚ ਗਿਆ
ਮਾਤਾ ਤੇਰੇ ਪਿਆਰ ਨੇ
ਹੁਸੈਨੀ ਵਾਲਾ ਖਿੱਚ ਲਿਆ।

ਰਾਜ ਗੁਰੁ ਸੁਖਦੇਵ
ਓਨੇ ਹੀ ਪਿਆਰਦੀ ਸੈਂ
ਜਿੰਨੀ ਤੂੰ ਭਗਤ ਸਿੰਘ
ਉੱਤੇ ਜਾਨ ਵਾਰਦੀ ਸੈਂ।

ਮਾਂ ਕੋਲੋਂ ਪੁੱਤਰਾਂ ਦੇ
ਵੱਖ ਨਹੀ ਤੂੰ ਹੋਣਾ ਸੀ
ਪੁੱਤਰਾਂ ਦੇ ਹੱਥਾਂ ਵਿੱਚ
ਜੋਤੀ ਜੋਤ ਸਮੌਣਾ ਸੀ।

ਬੀ ਕੇ ਦੱਤ ਨੂੰ ਵੀ ਮਾਤਾ
ਆਪਣੇ ਕੋਲ ਬੁਲਾ ਲਿਆ
ਉਸ ਨੂੰ ਵੀ ਆਪਣੀ ਤੂੰ
ਗੋਦੀ ਚ ਸੁਆਂ ਲਿਆ।

ਪਹਿਲਾਂ ਮਾਤਾ ਪੁੱਤਰਾਂ ਨੂੰ
ਦੇਸ਼ ਉੱਤੋਂ ਵਾਰਿਆ
ਫੇਰ ਛਾਤੀ ਨਾਲ ਲਾ ਕੇ
ਕਾਲਜਾ ਤੂੰ ਠਾਰਿਆ।

ਪੁੱਤ ਜੀਹਦੇ ਸੂਰਮੇ ਸੀ
ਮਾਤਾ ਉਹ ਮਹਾਨ ਸੀ
ਮਾਤਾ ਉਹ ਪੰਜਾਬੀਆਂ ਦੀ
ਦਿੱਲ ਅਤੇ ਜਾਨ ਸੀ।

ਮਾਤਾ ਜਦੋਂ ਤੁਰੀ ਤਾਂ
ਪੰਜਾਬ ਸਾਰਾ ਰੋਇਆ ਸੀ
ਇਸ ਤਰ੍ਹਾਂ ਲਗਦਾ
ਮਸੀਹਾ ਕੋਈ ਮੋਇਆ ਸੀ

ਭਗਤ ਸਿੰਘ ਦੀ ਮਾਤਾ
ਮਾਤਾ ਸੀ ਕੁਲ ਪੰਜਾਬ ਦੀ
ਸਤਲੁਜ ਬਿਆਸ ਰਾਵੀ ਦੀ
ਜੇਹਲਮ ਅਤੇ ਚਨਾਬ ਦੀ।



## ਸ਼ਹੀਦਾਂ ਦੇ ਪਰਿਵਾਰਾਂ ਦੀ ਜਾਸੂਸੀ

ਦੇਸ਼ ਦੀਏ ਸਰਕਾਰੇ
ਤੇਰੀ ਸੁਣ ਲਈ ਨਵੀਂ ਕਹਾਣੀ
ਸ਼ਹੀਦਾਂ ਦੇ ਪਰਿਵਾਰਾਂ ਦੀ ਵੀ
ਕੀਤੀ ਤੂੰ ਨਿਗਰਾਨੀ।

ਅਜੇ ਤੱਕ ਵੀ ਫਾਈਲਾਂ ਨੂੰ
ਖੁਫੀਆ ਹੀ ਰੱਖੀ ਜਾਵੇਂ
ਲੋਕੀ ਪੁਛਦੇ ਨੇ ਸਰਕਾਰੇ
ਕੀਹਦੇ ਤੋਂ ਘਬਰਾਵੇਂ?

ਖੁਫੀਆ ਪੁਲਸ ਨੂੰ ਇਹਨਾਂ ਦੇ
ਤੂੰ ਪਿੱਛੇ ਕਿਉਂ ਲਗਾਇਆ?
ਇਹਨਾਂ ਕਿਹੜਾ ਨਕਸਲੀਆਂ ਦੇ
ਵਾਂਗਰ ਭੜਥੂ ਪਾਇਆ?

ਚੀਨ ਦੀਆਂ ਸਰਹੱਦਾਂ ਉੱਤੇ
ਨਾ ਕੀਤੀ ਨਿਗਰਾਨੀ
ਪਰ ਜਿਹਨਾਂ ਨੇ ਦੇਸ਼ ਦੀ ਖਾਤਰ
ਦਿੱਤੀ ਸੀ ਕੁਰਬਾਨੀ
ਉਹਨਾਂ ਉੱਤੇ ਚੋਰੀ ਚੋਰੀ
ਪਹਿਰਾ ਸੀ ਤੂੰ ਲਾਇਆ
ਬਾਰਡਰ ਉੱਤੇ ਫੌਜ ਮਰਾਈ
ਫਿਰ ਵੀ ਸਬਕ ਨਾਂ ਆਇਆ।

ਅਜੇ ਤੱਕ ਵੀ ਫਾਈਲਾਂ ਨੂੰ
ਖੁਫੀਆ ਹੀ ਰੱਖੀ ਜਾਵੇਂ
ਲੋਕੀ ਪੁਛਦੇ ਨੇ ਸਰਕਾਰੇ
ਕੀਹਦੇ ਤੋਂ ਘਬਰਾਵੇਂ?

ਭਾਰਤ ਦੇ ਇਤਿਹਾਸ ਨੂੰ ਏਦਾਂ
ਕਿਉਂ ਝੁਠਲਾਈ ਜਾਵੇਂ
ਖੁਫੀਆ ਦਸਤਾਵੇਜਾਂ ਥੱਲੇ
ਸੱਚ ਨੂੰ ਕਿਉਂ ਦਬਾਵੇਂ?

ਤੇਰੀ ਧੱਕੇ ਸ਼ਾਹੀ ਬੇਸ਼ਕ
ਦੇਸ਼ ਸਹਿ ਜੂ ਗਾ
ਭਾਰਤ ਦੇ ਇਤਿਹਾਸ ਤੇ
ਕਾਲਾ ਧੱਬਾ ਰਹਿ ਜੂ ਗਾ।

ਕਈ ਸਰਕਾਰਾਂ ਗਈਆਂ ਤੇ
ਕਈ ਸਰਕਾਰਾਂ ਆਈਆਂ
ਕਿਸੇ ਵੀ ਸਰਕਾਰ ਨੇ ਫਾਈਲਾਂ
ਜਨਤਕ ਨਹੀਂ ਕਰਾਈਆਂ।

ਚੁਪਕੇ ਚੁਪਕੇ ਫਾਈਲਾਂ ਨੂੰ
ਸਾੜੀਂ ਨਾ ਸਰਕਾਰੇ
ਲਾਈ ਜਾਵੀਂ ਤੂੰ ਸਰਕਾਰੇ
ਬੇਸ਼ਕ ਝੂਠੇ ਲਾਰੇ।
ਔਣ ਵਾਲੀਆਂ ਨਸਲਾਂ ਜਦ ਵੀ
ਤੇਰਾ ਨਾਮ ਲੈਣਗੀਆਂ
ਤੈਨੂੰ ਸੱਚ ਲੁਕੋਣੀਂ
ਨਫਰਤ ਦੇ ਨਾਲ ਕਹਿਣਗੀਆਂ
ਸੱਚ ਨੂੰ ਅੱਗ ਲਗਾਵਣ ਵਾਲੀ
ਫਿਰ ਵੀ ਨਹੀਂ ਅਖਵਾਵੇਂਗੀ
ਥੋੜੀ ਬਹੁਤੀ ਇਜ਼ਤ ਤਾਂ
ਇਤਿਹਾਸ ਚ ਪਾਵੇਂਗੀ।
✵



## ਬੀ ਕੇ ਦੱਤ

ਮੈ ਭਗਤ ਸਿੰਘ ਦਾ ਸਾਥੀ ਹਾਂ
ਬੀ ਕੇ ਦੱਤ ਮੈਨੂੰ ਕਹਿੰਦੇ ਨੇ
ਮੈ ਉਹਨਾਂ ਲੋਕਾਂ ਵਿੱਚੋਂ ਹਾਂ
ਜੋ ਦੇਸ਼ ਨੂੰ ਸਭ ਕੁਝ ਦਿੰਦੇ ਨੇ
ਜੋ ਦੇਸ਼ ਦੀ ਖਾਤਰ ਮਰਦੇ ਨੇ
ਤੇ ਦੇਸ਼ ਦੀ ਖਾਤਰ ਜੀਂਦੇ ਨੇ।

ਮੈ ਭਗਤ ਸਿੰਘ ਦੇ ਨਾਲ ਹੀ ਸਾਂ
ਅਸੀਂ ਕੱਠੇ ਬੰਬ ਚਲਾਇਆ ਸੀ
ਪਰ ਓਸ ਕੇਸ ਵਿੱਚ ਗੋਰਿਆਂ ਨੇ
ਸਾਨੂੰ ਫਾਂਸੀ ਨਹੀਂ ਚੜਾਇਆ ਸੀ
ਸਾਨੂੰ ਉਮਰ ਕੈਦ ਵਿੱਚ ਬੰਨ੍ਹਿਆ ਸੀ
ਮੈਨੂੰ ਅੰਡੇਮਾਨ ਪੁਚਾਇਆ ਸੀ
ਭਗਤ ਸਿੰਘ ਨੂੰ ਲਾਹੌਰ ਕਾਂਡ ਵਿੱਚ
ਫਾਂਸੀ ਉੱਤੇ ਚੜ੍ਹਾਇਆ ਸੀ
ਕਿਸਮਤ ਡਾਢੀ ਮਾੜੀ ਸੀ
ਮੈਂ ਫਾਂਸੀ ਤੇ ਨਹੀਂ ਚੜ੍ਹ ਸਕਿਆ
ਵਿੱਚ ਹੁਸੈਨੀਵਾਲੇ ਦੇ
ਸ਼ਾਨ ਨਾਲ ਨਹੀਂ ਖੜ੍ਹ ਸਕਿਆ।

ਅੱਖਾਂ ਨਾਲ ਆਜ਼ਾਦੀ ਨੂੰ
ਭਗਤ ਸਿੰਘ ਨੇ ਨਹੀਂ ਡਿੱਠਾ
ਇਜ਼ਤ ਦੀ ਬਰਬਾਦੀ ਨੂੰ

ਭਗਤ ਸਿੰਘ ਨੇ ਨਹੀਂ ਡਿੱਠਾ
ਕਿਵੇਂ ਰੁਲਿਆ ਬਾਦ ਆਜ਼ਾਦੀ ਦੇ
ਮੈਨੂੰ ਭਗਤ ਸਿੰਘ ਨੇ ਨਹੀਂ ਡਿੱਠਾ
ਮੇਰਾ ਹੁਲੀਆ ਬਾਦ ਆਜ਼ਾਦੀ ਦੇ
ਮੇਰੇ ਭਗਤ ਸਿੰਘ ਨੇ ਨਹੀਂ ਡਿੱਠਾ।

ਮੈਂ ਗੁਰਬਤ ਦੇ ਵਿੱਚ ਜੀਵਿਆ ਸਾਂ
ਤੇ ਗੁਰਬਤ ਦੇ ਵਿਚ ਮਰ ਗਿਆ
ਇਕ ਸੜਕ ਹਾਦਸੇ ਅੰਦਰ ਹੀ
ਮੈਂ ਮੌਤ ਦੀ ਭੇਟਾ ਚੜ੍ਹ ਗਿਆ
ਭਗਤ ਸਿੰਘ ਦੀ ਮਾਤਾ
ਮੇਰੀ ਮਰੀਅਤ ਮੌਕੇ ਆਈ ਸੀ
ਮੈਨੂੰ ਲਗਦੈ ਮੇਰੀ ਜ਼ਿੰਦਗੀ ਦੀ
ਇਹ ਵੱਡੀ ਬਹੁਤ ਕਮਾਈ ਸੀ
ਮੈ ਵਿੱਚ ਹੁਸੈਨੀ ਵਾਲੇ ਦੇ
ਵੀਰਾਂ ਦੇ ਕੋਲੇ ਆ ਗਿਆ
ਮੈਂ ਆਪਣੀ ਵਿੱਦਿਆ ਮਾਤਾ ਦੀ
ਗੋਦੀ ਵਿੱਚ ਸਮਾ ਗਿਆ।



## ਜਤਿੰਦਰ ਨਾਥ ਦਾਸ
**(ਸ਼ਹੀਦੀ ਦਿਨ: 13.9.1929)**

ਬਾਤ ਦੇ ਨਾਲ ਬਤੋਲੀ ਪਾਵਾਂ
ਬਾਤ ਨੂੰ ਧਾਗੇ ਲਾਵਾਂ
ਇਕ ਬੰਗਾਲੀ ਯੋਧੇ ਦੀ
ਆਵੋ ਮੈ ਬਾਤ ਸੁਣਾਵਾਂ।

ਰਾਜ ਗੁਰੂ ਸੁਖਦੇਵ ਭਗਤ ਦੇ
ਗਲ ਵਿੱਚ ਪਾ ਕੇ ਬਾਹਵਾਂ
ਲਾਹੌਰ ਜੇਲ੍ਹ ਦੇ ਅੰਦਰ ਜਿਸ ਨੇ
ਕੀਤੀਆਂ ਭੁਖ ਹੜਤਾਲਾਂ।

ਜਿਸ ਦੀ ਭੁਖ ਹੜਤਾਲ ਦੇ ਚਲਦੇ
ਗੋਰਾ ਵੀ ਘਬਰਾਇਆ
ਜਮਾਨਤ ਉੱਤੇ ਛਡਣ ਦੇ ਲਈ
ਜੇਲ੍ਹਰ ਹੁਕਮ ਲਿਆਇਆ
ਜੇ ਐਨ ਦਾਸ ਨੇ ਮੋੜ ਸੀ ਦਿੱਤਾ
ਜੇਲ੍ਹਰ ਨੂੰ ਵੀ ਖਾਲੀ
ਕਹਿ ਦਿੱਤਾ ਕਿ ਰਾਹ ਨਹੀਂ ਛੱਡਣੀ
ਭੁਖ ਹੜਤਾਲ ਵਾਲੀ
ਸਾਡੀਆਂ ਮੰਗਾਂ ਨਾ ਮੰਨੋ ਤਾਂ
ਰੱਬ ਹੀ ਸਾਡਾ ਵਾਲੀ।

ਉਸ ਦੇ ਪਰਾਣ ਪਖੇਰੂ ਉੱਡੇ
ਇਕ ਦਿਨ ਸਿਖਰ ਦੁਪਹਿਰੇ
ਲਾਹੌਰ ਜੇਲ੍ਹ ਨੂੰ ਗੁੱਸੇ ਦੇ ਵਿੱਚ
ਲੋਕਾਂ ਪਾਏ ਘੇਰੇ

ਲਾਹੌਰ ਤੋਂ ਕਲਕੱਤੇ ਤਾਈਂ
ਲੱਖਾਂ ਲੋਕੀ ਆਏ
ਜਗ੍ਹਾ ਜਗ੍ਹਾ ਤੇ ਰੋਕ ਕੇ ਗੱਡੀ
ਲੋਕਾਂ ਫੁੱਲ ਚੜ੍ਹਾਏ
"ਮੇਰਾ ਬੇਟਾ ਕੈਸਾ ਹੋਵੇ–
ਜਤਿੰਦਰ ਨਾਥ ਜੈਸਾ ਹੋਵੇ"
ਇਸ ਤਰ੍ਹਾਂ ਦੇ ਫੱਟੀਆਂ ਉੱਤੇ
ਲਿਖੇ ਹੋਏ ਸੀ ਨਾਹਰੇ
ਪਹਿਲੀ ਵਾਰ ਨੇਤਾਵਾਂ ਨੇ ਵੀ
ਹਾਅ ਦੇ ਨਾਹਰੇ ਮਾਰੇ।

ਮਾਲਵੀਆ, ਨਹਿਰੂ ਤੇ ਜਿੰਨਹਾਂ
ਸਭ ਨੇ ਅੱਥਰੂ ਕੇਰੇ
ਜੇਕਰ ਚੁੱਪ ਰਹੇ ਤਾਂ ਉਹ ਸਨ
ਬਾਪੂ ਗਾਂਧੀ ਮੇਰੇ।

ਮੁੱਢ ਦੇਸ਼ ਦੀ ਆਜ਼ਾਦੀ ਦਾ ਉਹ
ਬੰਨ੍ਹ ਗਿਆ ਸੀ
ਸਾਮਰਾਜੀਆਂ ਦੇ ਮੂਹਰੇ
ਤਣ ਗਿਆ ਸੀ।

ਜੇ ਐਨ ਦਾਸ ਤੇਰੀ
ਬਾਤ ਅੱਜ ਪਾਈ ਮੈਂ
ਆਪਣੇ ਪੰਜਾਬੀਆਂ ਨੂੰ
ਖੁਲ੍ਹ ਕੇ ਸੁਣਾਈ ਮੈਂ
ਜਦ ਤੱਕ ਸੂਰਜ ਤੇ ਚੰਦ
ਰਹਿਣਗੇ
ਤੈਨੂੰ ਜੈ ਹਿੰਦ
ਜੈ ਹਿੰਦ ਕਹਿਣਗੇ ।



## ਭਗਤ ਸਿੰਘ ਦਾ ਖੰਗੂਰਾ

ਇੰਡੀਆ ਗੇਟ ਤੇ ਆ ਕੇ ਖੜ੍ਹ ਜਾ
ਤਕੜਾ ਜਿਹਾ ਖੰਗੂਰਾ ਛੱਡ ਜਾ
ਕਾਲੇ ਬੱਦਲ ਛਟ ਜਾਣਗੇ
ਮੇਰੇ ਦੇਸ਼ ਦੇ ਕਸ਼ਟ
ਜੜ੍ਹਾਂ ਤੋਂ ਕਟ ਜਾਣਗੇ।

ਬੀ ਕੇ ਦੱਤ ਨੂੰ ਭੁੱਲ ਨਾ ਜਾਈਂ
ਜੇ ਐਨ ਦਾਸ ਨੂੰ ਨਾਲ ਲਿਆਈਂ
ਜਦੋਂ ਰਾਜ ਗੁਰੂ ਸੁਖਦੇਵ
ਤੇਰੇ ਨਾਲ ਡਟ ਜਾਣਗੇ
ਮੇਰੇ ਦੇਸ਼ ਦੇ ਕਸ਼ਟ
ਜੜ੍ਹਾਂ ਤੋਂ ਕਟ ਜਾਣਗੇ।

ਲੈਂਡ ਮਾਫੀਏ ਸੈਂਡ ਮਾਫੀਏ
ਦੇਸੀ ਅਤੇ ਬਰੈਂਡ ਮਾਫੀਏ
ਖੁੱਡਾਂ ਵਿੱਚ ਜਾ ਕੇ ਵੜ ਜਾਣਗੇ
ਮੇਰੇ ਦੇਸ਼ ਦੇ ਕਸ਼ਟ
ਜੜ੍ਹਾਂ ਤੋਂ ਕਟ ਜਾਣਗੇ ।

ਊਧਮ ਸਿੰਘ ਜਦੋਂ ਵਾਰ ਕਰੂਗਾ
ਜਨਰਲ ਡਾਇਰ ਉਦੋਂ ਮਰੂਗਾ
ਬਾਕੀ ਦੇ ਜਰਨੈਲ
ਖੱਡਾਂ ਵਿੱਚ ਵੜ ਜਾਣਗੇ
ਮੇਰੇ ਦੇਸ਼ ਦੇ ਕਸ਼ਟ
ਜੜ੍ਹਾਂ ਤੋਂ ਕਟ ਜਾਣਗੇ।

ਮਦਨ ਲਾਲ ਜਦ ਵਾਰ ਕਰੂਗਾ
ਕਰਜ਼ਨ ਵਾਇਲੀ ਫੇਰ ਮਰੂਗਾ
ਬਾਕੀ ਦੇ ਕਰਜ਼ਨ ਤਾਂ ਆਪੇ ਡਰ ਜਾਣਗੇ
ਮੇਰੇ ਦੇਸ਼ ਦੇ ਕਸ਼ਟ
ਜੜ੍ਹਾਂ ਤੋਂ ਕਟ ਜਾਣਗੇ।

ਗਦਰੀ ਕੂਕੇ ਕੱਠੇ ਕਰ ਕੇ
ਜੇਬਾਂ ਅੰਦਰ ਪਰਚੇ ਭਰ ਕੇ
ਇਨਕਲਾਬ ਦਾ ਨਾਹਰਾ ਲਾ ਕੇ
ਪਰਚੇ ਸਾਰੇ ਬਟ ਜਾਣਗੇ
ਮੇਰੇ ਦੇਸ਼ ਦੇ ਕਸ਼ਟ
ਜੜ੍ਹਾਂ ਤੋਂ ਕਟ ਜਾਣਗੇ।

ਭਗਤ ਸਿੰਹਾਂ ਤੈਨੂੰ ਬਹੁਤ ਉਡੀਕਾਂ
ਆਪ ਮਿਟਾਵਾਂ ਪਾ ਕੇ ਲੀਕਾਂ
ਤੇਰੇ ਵੱਲੋਂ ਪਾਈਆਂ ਰੀਤਾਂ
ਉੱਤੇ ਮੁੰਡੇ ਡਟ ਜਾਣਗੇ
ਮੇਰੇ ਦੇਸ਼ ਦੇ ਕਸ਼ਟ
ਜੜ੍ਹਾਂ ਤੋਂ ਕਟ ਜਾਣਗੇ।